C M Y B

# ਦੇਸ਼ ਸੇਵਕ ਐਤਵਾਰੀ

ਚੰਡੀਗੜ੍ਹ, ਐਤਵਾਰ, 13 ਸਤੰਬਰ, 2020

ਲੋਕਧਾਰਾ ਦਾ ਵਣਜਾਰਾ.. 2

ਮਿੰਨੀ ਕਹਾਣੀਆਂ 3

# ਮਨੁੱਖੀ ਅੰਗ : ਦਾਨ, ਟਰਾਂਸਪਲਾਂਟੇਸ਼ਨ ਤੇ ਤਸਕਰੀ

**ਡਾ. ਹਰਸ਼ਿੰਦਰ ਕੌਰ**



ਮਨੁੱਖੀ ਅੰਗਾਂ ਦੀ ਤਸਕਰੀ, ਗੁਰਦੇ ਕੱਢਣੇ, ਅੱਖਾਂ ਦੀਆਂ ਪੁਤਲੀਆਂ ਕੱਢਣੀਆਂ ਬਾਰੇ ਅਨੇਕ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਖ਼ਬਰਾਂ ਅਤੇ ਅਫ਼ਵਾਹਾਂ ਫੈਲਦੀਆਂ ਰਹੀਆਂ ਹਨ।

ਨਿੱਕੇ ਬੱਚਿਆਂ ਦੇ ਅੰਗ ਕੱਢ ਕੇ ਉਨ੍ਹਾਂ ਨੂੰ ਮਾਰਨ ਬਾਰੇ ਅਤੇ ਅਪਰੇਸ਼ਨ ਦੌਰਾਨ ਗੁਰਦਾ ਕੱਢਣ ਬਾਰੇ ਵੀ ਕਈ ਖ਼ਬਰਾਂ ਨਸ਼ਰ ਹੋ ਚੁੱਕੀਆਂ ਹਨ। ਕਈ ਅੰਤਰਰਾਸ਼ਟਰੀ ਗਿਰੋਹ ਵੀ ਪਹਿਲਾਂ ਸਰਗਰਮ ਹੁੰਦੇ ਰਹੇ ਹਨ। ਗ਼ਰੀਬਾਂ ਦੇ ਗੁਰਦੇ ਖ਼ਰੀਦਣੇ ਵੀ ਬਹੁਤ ਸਾਰੇ ਅਮੀਰਾਂ ਲਈ ਆਮ ਗੱਲ ਬਣ ਚੁੱਕੀ ਹੋਈ ਹੈ।

ਸੰਨ 1954 ਵਿਚ ਪਹਿਲੀ ਵਾਰ ਇਕ ਜਣੇ ਦਾ ਗੁਰਦਾ ਦੂਜੇ ਮਨੁੱਖ ਅੰਦਰ ਸਫਲਤਾ ਨਾਲ ਫਿੱਟ ਕੀਤਾ ਗਿਆ ਸੀ। ਸੰਨ 1960 ਵਿਚ ਜਿਗਰ, ਦਿਲ ਤੇ ਪੈਨਕਰੀਆਜ਼ ਟਰਾਂਸਪਲਾਂਟ (ਅੰਗਾਂ ਦਾ ਪਿਓਂਦੀਕਰਨ) ਕੀਤੇ ਗਏ। ਫੇਫੜੇ ਤੇ ਅੰਤੜੀਆਂ ਨੂੰ ਦੂਜੇ ਦੇ ਸਰੀਰ ਵਿਚ ਪਹਿਲੀ ਵਾਰ ਸਫਲਤਾ ਨਾਲ 1980 ਵਿਚ ਲਾਇਆ ਗਿਆ।

ਈਸਾ ਮਸੀਹ ਤੋਂ 600 ਸਾਲ ਪਹਿਲਾਂ ਆਪਣੇ ਹੀ ਸਰੀਰ ਦੀ ਚਮੜੀ ਤੋਂ ਨੱਕ ਦੀ ਰਿਪੇਅਰ ਕਰਨ ਦਾ ਜ਼ਿਕਰ ਮਿਲਦਾ ਹੈ। ਤੀਜੀ ਸਦੀ ਵਿਚ ਪੂਰੀ ਲੱਤ ਟਰਾਂਸਪਲਾਂਟ ਕਰਨ ਦੀਆਂ ਪੇਂਟਿੰਗਜ਼ ਮੌਜੂਦ ਹਨ।

ਸੋਹਲਵੀਂ ਸਦੀ ਵਿਚ ਡਾ. ਤਗਲੀਆ ਕੋਜ਼ੀ, ਪਲਾਸਟਿਕ ਸਰਜਨ ਨੇ ਸਫਲ ਨੱਕ ਦਾ ਅਪਰੇਸ਼ਨ ਕਰਕੇ ਵਿਖਾਇਆ। ਉਦੋਂ ਤੱਕ ਆਪਣੇ ਹੀ ਸਰੀਰ ਦੀ ਚਮੜੀ ਵਰਤੀ ਜਾਂਦੀ ਸੀ।

ਵੀਹਵੀਂ ਸਦੀ ਵਿਚ ਪਹਿਲੀ ਵਾਰ ਦੂਜੇ ਦੇ ਸਰੀਰ ਦਾ ਹਿੱਸਾ ਵਰਤਿਆ ਗਿਆ।

ਸੰਨ 1869 ਵਿਚ ਪਹਿਲੀ ਵਾਰ ਜ਼ਖ਼ਮ ਛੇਤੀ ਭਰਨ ਲਈ ਵੱਡੇ ਖੁੱਲੇ ਜ਼ਖ਼ਮਾਂ ਉੱਤੇ ਆਪਣੇ ਹੀ ਸਰੀਰ ਵਿੱਚੋਂ ਦੂਜੀ ਥਾਂ ਤੋਂ ਚਮੜੀ ਲਾਹ ਕੇ ਲਾਈ ਗਈ।

ਜਦੋਂ ਇਹ ਸਫਲ ਅਪਰੇਸ਼ਨ ਸ਼ੁਰੂ ਹੋ ਗਏ ਤਾਂ ਹੌਲੀ-ਹੌਲੀ 'ਮੈਡੀਕਲ ਟੂਰਿਜ਼ਮ', 'ਅੰਗਾਂ ਦਾ ਵਪਾਰ' ਤੇ ਅੰਗਾਂ ਪਿੱਛੇ ਮਨੁੱਖੀ ਕਤਲ ਆਦਿ ਵੀ ਸ਼ੁਰੂ ਹੋ ਗਏ।

ਜਦੋਂ ਵਿਕਸਿਤ ਮੁਲਕਾਂ ਵਾਸਤੇ ਵਿਕਾਸਸ਼ੀਲ ਦੇਸਾਂ ਵਿੱਚੋਂ ਗਰੀਬਾਂ ਦੇ ਗੁਰਦੇ ਤੇ ਹੋਰ ਅੰਗ ਕੱਢਣ ਬਾਰੇ ਖ਼ਬਰਾਂ ਨਸ਼ਰ ਹੋਣੀਆਂ ਸ਼ੁਰੂ ਹੋਈਆਂ ਤੇ ਭਾਰਤ ਅੰਦਰ ਕਈ ਗਰੀਬਾਂ ਵੱਲੋਂ ਪੈਸੇ ਵਾਸਤੇ ਅਮੀਰਾਂ ਤੇ ਰਸੂਖਵਾਨਾਂ ਨੂੰ ਗੁਰਦੇ ਵੇਚਣ ਦੀ ਗੱਲ ਸਾਹਮਣੇ ਆਈ ਤਾਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਵਾਲਿਆਂ ਨੇ ਸਖ਼ਤ ਕਾਨੂੰਨ ਬਣਾ ਦਿੱਤੇ।

ਕੀ ਮੁਰਦੇ ਵਿੱਚੋਂ ਅੰਗ ਕੱਢੇ ਜਾ ਸਕਦੇ ਹਨ ?

ਮਰ ਚੁੱਕੇ ਬੰਦੇ ਦਾ ਮਤਲਬ ਹੁੰਦਾ ਹੈ ਕਿ ਉਸ ਦੇ ਦਿਲ ਦੀ ਧੜਕਨ ਰੁੱਕ ਚੁੱਕੀ ਹੈ, ਸਾਹ ਬੰਦ ਹੋ ਚੁੱਕਿਆ ਹੈ ਤੇ ਪੁਤਲੀ ਫੈਲ ਚੁੱਕੀ ਹੈ। ਇਸ ਹਾਲਤ ਵਿਚ ਮਰਨ ਦੇ ਸਿਰਫ਼ ਤਿੰਨ ਘੰਟੇ ਦੇ ਅੰਦਰ-ਅੰਦਰ ਗੁਰਦਾ, ਜਿਗਰ ਤੇ ਦਿਲ ਕੱਢ ਕੇ ਦੂਜੇ ਜਣੇ ਨੂੰ ਲਾਏ ਜਾ ਸਕਦੇ ਹਨ। ਅੱਖਾਂ ਦਾ ਕੌਰਨੀਆ 12 ਘੰਟੇ ਬਾਅਦ ਤੱਕ ਵੀ ਵਰਤਿਆ ਜਾ ਸਕਦਾ ਹੈ।

ਇਸ ਦੌਰਾਨ ਸਾਰੇ ਦੇ ਸਾਰੇ ਟੈਸਟ ਪਹਿਲਾਂ ਹੀ ਪੂਰੇ ਹੋਣੇ ਚਾਹੀਦੇ ਹਨ। ਜੇ ਮਰ ਚੁੱਕੇ ਬੰਦੇ ਦੇ ਕੋਈ ਟੈਸਟ, ਲਾਗ ਵਾਲੀਆਂ ਬੀਮਾਰੀਆਂ ਬਾਰੇ ਜਾਣਕਾਰੀ ਜਾਂ ਮੈਚਿੰਗ ਨਹੀਂ ਕੀਤੀ ਗਈ, ਤਾਂ ਇਹ ਅੰਗ ਵਰਤੇ ਨਹੀਂ ਜਾ ਸਕਦੇ। ਜੇ ਮੌਤ ਤੋਂ ਪਹਿਲਾਂ ਸਾਰੇ ਟੈਸਟ ਹੋ ਚੁੱਕੇ ਹੋਣ ਤੇ ਮਰਨ ਵਾਲਾ ਅੰਗ ਦਾਨ ਬਾਰੇ ਕਹਿ ਚੁੱਕਿਆ ਹੋਵੇ, ਤਾਂ ਜਿਸ ਨੂੰ ਅੰਗ ਲਾਉਣੇ ਹਨ, ਉਸ ਦੇ ਸਾਰੇ ਟੈਸਟ ਮੈਚ ਕਰ ਕੇ ਅੰਗ ਲਾਇਆ ਜਾ ਸਕਦਾ ਹੈ।



ਜੇ ਮੈਚਿੰਗ ਨਾ ਹੋਈ ਹੋਵੇ ਤਾਂ ਜਿਸ ਨੂੰ ਅੰਗ ਲਾਇਆ ਜਾਵੇ, ਉਸ ਦਾ ਸਰੀਰ ਇਸ ਅੰਗ ਨੂੰ ਰਿਜੈਕਟ ਕਰ ਦਿੰਦਾ ਹੈ ਜਿਸ ਨੂੰ "ਗਰਾਫਟ ਰਿਜੈਕਸ਼ਨ" ਕਹਿੰਦੇ ਹਨ। ਇਸ ਵਿਚ ਅੰਗ ਹਾਸਲ ਕਰਨ ਵਾਲੇ ਦੀ ਮੌਤ ਤੱਕ ਹੋ ਸਕਦੀ ਹੈ।

ਕੀ ਮਰਨ ਤੋਂ ਪਹਿਲਾਂ ਅੰਗ ਕੱਢੇ ਜਾ ਸਕਦੇ ਹਨ ?

ਕਿਸੇ ਭਿਆਨਕ ਐਕਸੀਡੈਂਟ ਵਿਚ ਜਦੋਂ ਡੂੰਘੀ ਸਿਰ ਦੀ ਸੱਟ ਲੱਗ ਗਈ ਹੋਵੇ ਤੇ ਮਰੀਜ਼ ਆਈ.ਸੀ.ਯੂ. ਵਿਚ ਦਾਖਲ ਹੋਵੇ, ਪਰ ਉਸ ਦਾ ਸਾਹ ਸਿਰਫ਼ ਵੈਂਟੀਲੇਟਰ ਸਦਕਾ ਚੱਲ ਰਿਹਾ ਹੋਵੇ, ਦਿਲ ਧੜਕ ਰਿਹਾ ਹੋਵੇ ਤਾਂ ਇਸ ਤਰ੍ਹਾਂ ਦੇ ਮਰੀਜ਼ ਨੂੰ 'ਬਰੇਨ ਸਟੈਮ ਡੈੱਥ' ਨਾਂ ਦੇ ਦਿੱਤਾ ਜਾਂਦਾ ਹੈ। ਉਸ ਦੇ ਦਿਲ ਤੇ ਸਾਹ ਦੇ ਦਿਮਾਗ਼ ਵਿਚਲੇ ਸੈਂਟਰ ਕੰਮ ਕਰਨਾ ਛੱਡ ਦਿੰਦੇ ਹਨ ਪਰ ਬਾਕੀ ਸਰੀਰ ਦੇ ਅੰਗ ਬਿਲਕੁਲ ਠੀਕ ਠਾਕ ਹੁੰਦੇ ਹਨ। ਜੇ ਕੋਈ ਟੱਬਰ ਆਪਣੇ ਇਸ ਤਰ੍ਹਾਂ ਦੇ ਮਰੀਜ਼ ਦਾ ਅੰਗ ਦਾਨ ਕਰਨਾ ਚਾਹੇ ਤਾਂ ਤਿੰਨ-ਤਿੰਨ ਡਾਕਟਰਾਂ ਦੀਆਂ ਦੋ ਟੀਮਾਂ ਇਸ ਮਰੀਜ਼ ਦਾ ਪੂਰਾ ਮੁਆਇਨਾ ਕਰਦੀਆਂ ਹਨ।

6 ਘੰਟੇ ਦੇ ਫਰਕ ਨਾਲ ਦੁਬਾਰਾ ਮਰੀਜ਼ ਦਾ ਮੁਆਇਨਾ ਕੀਤਾ ਜਾਂਦਾ ਹੈ। ਜਦੋਂ ਇਹ ਸਾਬਤ ਹੋ ਜਾਏ ਕਿ ਮਰੀਜ਼ ਕਦੇ ਵੀ ਨਾਰਮਲ ਨਹੀਂ ਹੋ ਸਕਦਾ ਤੇ ਡੂੰਘੇ 'ਕੋਮਾ' ਵਿਚ ਜਾ ਚੁੱਕਿਆ ਹੈ, ਤਾਂ ਹੀ ਅੰਗ ਕੱਢਣ ਬਾਰੇ ਫੈਸਲਾ ਲਿਆ ਜਾਂਦਾ ਹੈ। ਇਸ ਵਾਸਤੇ ਪੂਰੇ ਟੱਬਰ ਦੀ ਸਹਿਮਤੀ ਦੀ ਲੋੜ ਹੁੰਦੀ ਹੈ।

ਅੰਗ ਕੱਢਣ ਤੋਂ ਪਹਿਲਾਂ ਕੁੱਝ ਗੱਲਾਂ ਦਾ ਧਿਆਨ ਕਰਨਾ ਜ਼ਰੂਰੀ ਹੈ :-

1. ਮਰੀਜ਼ ਡੂੰਘੇ ਨਸ਼ੇ ਵਿਚ ਨਾ ਹੋਵੇ
2. ਉਸ ਦੀ ਲਹੂ ਵਿਚਲੀ ਸ਼ੱਕਰ ਦੀ ਮਾਤਰਾ ਤੇ ਹੋਰ ਅੰਗਾਂ ਦੇ ਟੈਸਟ ਠੀਕ ਹੋਣ
3. ਉਸ ਨੇ ਜਿਊਂਦੇ ਜੀਅ ਪਹਿਲਾਂ ਅੰਗ ਦਾਨ ਬਾਰੇ ਫੈਸਲਾ ਕੀਤਾ ਹੋਵੇ। ਇਸ ਦੇ ਬਾਵਜੂਦ ਸਾਰੇ ਟੱਬਰ ਦੀ ਸਹਿਮਤੀ ਲੈਣੀ ਪੈਂਦੀ ਹੈ।
4. ਮਰੀਜ਼ ਨੂੰ ਏਡਜ਼/ਐਚ.ਆਈ.ਵੀ. ਜਾਂ ਕੋਈ ਹੋਰ ਵਾਇਰਲ ਬੀਮਾਰੀ ਜਿਵੇਂ ਰੇਬੀਜ਼, ਸੀ.ਜੇ.ਬੀਮਾਰੀ, ਕੋਵਿਡ ਆਦਿ ਨਾ ਹੋਵੇ।
5. ਕੋਈ ਲਾਗ ਦੀ ਬੀਮਾਰੀ ਨਾ ਹੋਵੇ
6. ਫੈਲਿਆ ਕੈਂਸਰ ਨਾ ਹੋਵੇ

ਆਮ ਤੌਰ ਉੱਤੇ ਨੌਜਵਾਨ ਜਿਹੜੇ ਸੜਕ ਐਕਸੀਡੈਂਟਾਂ ਵਿਚ ਮਰਦੇ ਹਨ, ਉਨ੍ਹਾਂ ਦੇ ਅੰਗ ਜ਼ਿਆਦਾਤਰ ਸਹੀ ਹੀ ਹੁੰਦੇ ਹਨ। ਪਰ ਟੱਬਰ ਵੱਲੋਂ ਅੰਗ ਦਾਨ ਨੂੰ ਨਾਂਹ ਕਰਨ ਸਦਕਾ ਅਣਗਿਣਤ ਲੋਕ ਜਿਨ੍ਹਾਂ ਨੂੰ ਮਨੁੱਖੀ ਅੰਗਾਂ ਦੀ ਲੋੜ ਹੁੰਦੀ ਹੈ, ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ।

ਅੰਗ ਦਾਨ ਲਈ ਪ੍ਰੇਰਿਤ ਕਰਨਾ ਡਾਕਟਰਾਂ ਦਾ ਕੰਮ ਨਹੀਂ ਹੁੰਦਾ। ਇਸ ਵਾਸਤੇ 'ਟਰਾਂਸਪਲਾਂਟ ਐਜੂਕੇਟਰ' ਜਾਂ ਐਨ.ਜੀ.ਓ. ਦੇ ਨੁਮਾਇੰਦੇ ਜਾਂ 'ਮੋਟੀਵੇਟਰ' ਲਾਏ ਹੁੰਦੇ ਹਨ। ਉਹ ਹੀ ਰਿਸ਼ਤੇਦਾਰਾਂ ਨੂੰ ਅੰਗ ਦਾਨ ਦੀ ਅਹਿਮੀਅਤ ਸਮਝਾਉਂਦੇ ਹਨ।

ਜੇ ਇਹੋ ਜਿਹੇ ਮਹਾਨ ਦਾਨ ਲਈ ਕੋਈ ਟੱਬਰ ਰਾਜ਼ੀ ਹੋ ਜਾਵੇ ਤਾਂ ਦੇਣ ਅਤੇ ਲੈਣ ਵਾਲੇ ਮਰੀਜ਼ ਦੇ ਲਹੂ ਦੇ ਸੈਂਪਲ, ਦਿਲ ਤੇ ਗੁਰਦੇ ਦੇ ਟੈਸਟਾਂ ਦੇ ਨਾਲ ਹੋਰ ਅਨੇਕ ਟੈਸਟ ਕਰਨ ਬਾਅਦ, ਜਿਸ ਵਿਚ ਤਿੰਨ ਤੋਂ 4 ਦਿਨ ਲੱਗ ਜਾਂਦੇ ਹਨ, ਹੀ ਅੰਗ ਕੱਢ ਕੇ ਲਾਏ ਜਾ ਸਕਦੇ ਹਨ।

1. ਜੇ ਅੰਤੜੀਆਂ ਜਾਂ ਚਮੜੀ ਵਰਤਣੀ ਹੋਵੇ ਤਾਂ 12 ਘੰਟਿਆਂ ਦੇ ਅੰਦਰ ਦੂਜੇ ਨੂੰ ਲੱਗ ਜਾਣੀਆਂ ਚਾਹੀਦੀਆਂ ਹਨ।
2. ਗੁਰਦਾ 24 ਘੰਟਿਆਂ ਦੇ ਅੰਦਰ ਅੰਦਰ ਵਰਤਣਾ ਪੈਂਦਾ ਹੈ।
3. ਜਿਗਰ 12 ਤੋਂ 16 ਘੰਟਿਆਂ ਵਿਚ ਦੂਜੇ ਨੂੰ ਲੱਗ ਜਾਣਾ ਚਾਹੀਦਾ ਹੈ।
4. ਫੇਫੜੇ 12 ਘੰਟਿਆਂ ਦੇ ਅੰਦਰ ਤੇ ਦਿਲ ਨੂੰ ਕੱਢਣ ਬਾਅਦ 8 ਘੰਟਿਆਂ ਦੇ ਅੰਦਰ ਦੂਜੇ ਸਰੀਰ ਵਿਚ ਫਿੱਟ ਹੋ ਜਾਣਾ ਚਾਹੀਦਾ ਹੈ।

ਅੰਗ ਦਾਨ ਲਈ ਆਰਗੇਨਾਈਜੇਸ਼ਨਾਂ ਕਿਹੜੀਆਂ ਹਨ :-

1. ਨੋਟੋ:-

ਨੈਸ਼ਨਲ ਪੱਧਰ ਉੱਤੇ ਅੰਗ ਦਾਨ ਲਈ ਬਣੀ ਆਰਗੇਨਾਈਜੇਸ਼ਨ ਇਸ ਸਭ ਦਾ ਪੂਰਾ ਰਿਕਾਰਡ ਰੱਖਦੀ ਹੈ ਜਿੱਥੇ ਅੰਗ ਹਾਸਲ ਕਰਨ ਵਾਲਿਆਂ ਦਾ ਓਨਲਾਈਨ ਰਿਕਾਰਡ ਸਾਂਭਿਆ ਹੁੰਦਾ ਹੈ ਤੇ ਉਸੇ ਰਿਕਾਰਡ ਅਨੁਸਾਰ ਹੀ ਵਾਰੀ ਸਿਰ ਅੰਗ ਦਿੱਤੇ ਜਾਂਦੇ ਹਨ।

2. ਰੋਟੋ :-

ਖੇਤਰੀ ਪੱਧਰ ਉੱਤੇ ਉੱਤਰੀ, ਦੱਖਣੀ ਆਦਿ ਦੇ ਹਿਸਾਬ ਨਾਲ ਅੱਗੋਂ ਰਿਕਾਰਡ ਰੱਖ ਕੇ ਅੰਗ ਬਦਲਣ ਲਈ ਹਸਪਤਾਲ ਰਾਖਵੇਂ ਕੀਤੇ ਜਾਂਦੇ ਹਨ। ਜਿਵੇਂ ਪੰਜਾਬ ਨੇੜੇ ਪੀ.ਜੀ.ਆਈ. ਚੰਡੀਗੜ੍ਹ।

3. ਸੋਟੋ :-

ਸੂਬਾ ਪੱਧਰੀ ਆਰਗਨ ਟਰਾਂਸਪਲਾਂਟ ਆਰਗੇਨਾਈਜੇਸ਼ਨ ਸੂਬੇ ਅੰਦਰਲਾ ਰਿਕਾਰਡ ਰੱਖ ਕੇ ਅਪਰੇਸ਼ਨ ਕਰਵਾਉਂਦੀ ਹੈ। ਇਹ ਆਰਗੇਨਾਈਜੇਸ਼ਨ ਪੰਜਾਬ ਅੰਦਰ ਹੈ ਹੀ ਨਹੀਂ।

ਅੰਗ ਦਾਨ ਵਿਚ ਪੂਰੀ ਟੀਮ ਕੰਮ ਕਰਦੀ ਹੈ ਜਿਸ ਵਿਚ ਇਮਿਊਨੋਲੋਜਿਸਟ, ਸਰਜਨ, ਐਨਸਥੀਜ਼ੀਆ, ਮੈਡੀਸਨ, ਹੀਮੈਟੋਲੋਜਿਸਟ, ਪੈਥੋਲੋਜਿਸਟ ਸਮੇਤ 10 ਤੋਂ 12 ਡਾਕਟਰਾਂ ਨੂੰ ਪੂਰੇ ਟੈਸਟ ਕਰ ਕੇ ਮੈਚਿੰਗ ਕਰਨ ਦੀ ਲੋੜ ਪੈਂਦੀ ਹੈ।

ਨੋਟੋ ਵੱਲੋਂ ਬਣਾਈ ਹੋਈ ਵਾਰੀ ਸਿਰ ਅੰਗ ਦੇਣ ਦੀ ਪ੍ਰੀਕ੍ਰਿਆ ਵਿਚ ਕਿਸੇ ਨੂੰ ਵਾਰੀ ਟਪਾ ਕੇ ਅੰਗ ਨਹੀਂ ਦਿੱਤੇ ਜਾ ਸਕਦੇ। ਸਿਰਫ਼ ਜਿਨ੍ਹਾਂ ਦੀ ਪਹਿਲਾਂ ਦੇ ਅੰਗ ਦੀ 'ਰਿਜੈੱਕਸ਼ਨ' ਹੋ ਜਾਵੇ, ਉਨ੍ਹਾਂ ਨੂੰ ਹੀ ਪਹਿਲ ਦੇ ਆਧਾਰ ਉੱਤੇ ਅੰਗ ਦਿੱਤਾ ਜਾਂਦਾ ਹੈ।

ਇਹ ਵੱਖਰੀ ਗੱਲ ਹੈ ਕਿ ਭਾਰਤ ਵਿਚ ਸਿਆਸਤਦਾਨਾਂ ਜਾਂ ਰਸੂਖ਼ਵਾਨਾਂ ਨੂੰ ਪਹਿਲਾ ਨੰਬਰ ਮਿਲ ਜਾਂਦਾ ਹੈ। ਪਰ ਕੁਦਰਤ ਦਾ ਨਿਆਂ ਅਟੱਲ ਹੈ। ਉਹ ਅਜਿਹੇ ਲੋਕਾਂ ਨੂੰ ਫਿਰ ਵੀ ਮਾਰ ਮੁਕਾਉਂਦੀ ਹੈ ਭਾਵੇਂ ਭਾਰਤ ਵਿਚ ਕਿੰਨੇ ਹੀ ਉੱਚੇ ਅਹੁਦੇ ਉੱਤੇ ਕਿਉਂ ਨਾ ਬੈਠੇ ਹੋਣ!

ਕਾਨੂੰਨ ਮੁਤਾਬਕ ਸਿਰਫ਼ ਅੰਗ ਰਿਸ਼ਤੇਦਾਰੀ ਵਿਚ ਹੀ ਦਿੱਤੇ ਜਾ ਸਕਦੇ ਹਨ। ਜਿਵੇਂ ਪਤਨੀ ਦਾ ਪਤੀ ਨੂੰ, ਪਿਤਾ ਦਾ ਪੁੱਤਰ ਨੂੰ ਆਦਿ, ਪਰ ਪੋਤਰੇ, ਦੋਹਤਰੇ ਨਹੀਂ। ਜੇ ਦੋ ਟੱਬਰਾਂ ਵਿਚ ਗੁਰਦੇ ਦੀ ਲੋੜ ਹੋਵੇ ਤੇ ਪਤੀ-ਪਤਨੀ ਦੀ ਆਪਸ ਵਿਚ ਗੁਰਦੇ ਦੀ ਮੈਚਿੰਗ ਨਾ ਹੋਵੇ ਤਾਂ ਇੱਕ ਦੀ ਪਤਨੀ ਦੂਜੇ ਦੇ ਪਤੀ ਨੂੰ ਗੁਰਦਾ ਦੇ ਸਕਦੀ ਹੈ ਤੇ ਦੂਜੇ ਦੀ ਇਸ ਨੂੰ। ਇਸ ਨੂੰ 'ਸਵੈਪ ਟਰਾਂਸਪਲਾਂਟ " ਕਹਿੰਦੇ ਹਨ।

ਇਸ ਅੰਗ ਬਦਲੀ ਲਈ ਸੂਬਾ ਪੱਧਰੀ 'ਸਟੇਟ ਟਰਾਂਸਪਲਾਂਟ' ਕਮੇਟੀ ਬਿਠਾਈ ਜਾਂਦੀ ਹੈ ਜਿਸ ਵਿਚ ਸੱਤ ਬੰਦੇ ਸ਼ਾਮਲ ਹੁੰਦੇ ਹਨ। ਇਸ ਵਿਚ ਪੁਲਿਸ, ਜ਼ਿਲ੍ਹੇ ਦੀ ਐਡਮਿਨਿਸਟਰੇਸ਼ਨ ਦੇ ਬੰਦੇ, ਡਾਕਟਰ, ਡਾਇਰੈਕਟਰ, ਕੈਮਰਾਮੈਨ ਸ਼ਾਮਲ ਹੁੰਦੇ ਹਨ। ਪੂਰੀ ਮੀਟਿੰਗ ਦੀ ਵੀਡੀਓ ਬਣਦੀ ਹੈ ਤੇ ਦੋਵਾਂ ਪਾਸਿਆਂ ਦੇ ਰਿਸ਼ਤੇਦਾਰ ਸ਼ਾਮਲ ਹੁੰਦੇ ਹਨ।

ਰਿਸ਼ਤੇਦਾਰੀ ਵਿਚ ਮਾਪੇ, ਬੱਚੇ, ਦਾਦਾ-ਦਾਦੀ, ਨਾਨਾ-ਨਾਨੀ, ਭਰਾ-ਭੈਣਾਂ ਆਦਿ ਦੀ ਸਹਿਮਤੀ ਚਾਹੀਦੀ ਹੁੰਦੀ ਹੈ। ਸਭ ਨੂੰ ਹਾਜ਼ਰ ਹੋ ਕੇ ਐਫੀਡੈਵਿਟ ਦੇਣਾ ਪੈਂਦਾ ਹੈ। ਜੇ ਕੋਈ ਰਿਸ਼ਤੇਦਾਰ ਵਤਨੋਂ ਪਾਰ ਰਹਿੰਦਾ ਹੋਵੇ ਤਾਂ ਐਂਬੈਸੀ ਵੱਲੋਂ ਸਰਟੀਫਿਕੇਟ ਲੈ ਕੇ ਦੇਣਾ ਪੈਂਦਾ ਹੈ ਕਿ ਉਸ ਨੂੰ ਕੋਈ ਅਸਿਹਿਮਤੀ ਨਹੀਂ ਹੈ।

ਪਹਿਲਾਂ ਜਾਅਲੀ ਸਬੂਤ ਜਿਵੇਂ ਆਧਾਰ ਵਗੈਰਾਹ ਦਿੱਤੇ ਜਾਂਦੇ ਸਨ ਜਿਨ੍ਹਾਂ ਸਦਕਾ ਕਈ ਡਾਕਟਰਾਂ ਨੂੰ ਵੀ ਜੇਲ੍ਹ ਜਾਣਾ ਪਿਆ। ਪਰ ਹੁਣ ਪੂਰੀ ਕਮੇਟੀ ਬੈਠਦੀ ਹੈ ਜਿਸ ਵਿਚ ਪੁਲਿਸ ਵੈਰੀਫਿਕੇਸ਼ਨ ਜ਼ਰੂਰੀ ਹੁੰਦੀ ਹੈ।

ਪਿੱਛੇ ਜਿਹੇ ਨਾਮਵਰ ਵਡਾਲੀ ਭਰਾ ਵਿੱਚੋਂ ਵੱਡੇ ਭਰਾ ਦੀ ਮੌਤ ਇਸ ਕਰਕੇ ਹੋਈ ਕਿਉਂਕਿ ਗੁਰਦਾ ਦੇਣ ਲਈ ਸਿਰਫ਼ ਨੌਕਰ ਤਿਆਰ ਸੀ। ਕਾਨੂੰਨ ਅਨੁਸਾਰ ਉਸ ਨਾਲ ਲਹੂ ਦਾ ਰਿਸ਼ਤਾ ਨਾ ਹੋਣ ਕਾਰਨ ਅਤੇ ਗੁਰਦਾ ਖਰੀਦਣ ਉੱਤੇ ਸਖ਼ਤ ਰੋਕ ਕਾਰਨ, ਉਨ੍ਹਾਂ ਦਾ ਕੇਸ ਸੂਬਾ ਪੱਧਰੀ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ ਤੇ ਉਨ੍ਹਾਂ ਦੀ ਮੌਤ ਹੋ ਗਈ। ਲਗਭਗ 15 ਤੋਂ 20 ਲੱਖ ਰੁਪੈ ਇੱਕ ਅਪਰੇਸ਼ਨ ਉੱਤੇ ਲੱਗ ਜਾਂਦੇ ਹਨ।

ਲੋੜ ਕਿੰਨੀ ਹੈ ?

1. ਹਰ ਸਾਲ ਦੋ ਤੋਂ ਢਾਈ ਲੱਖ ਮਰੀਜ਼ ਗੁਰਦਾ ਫੇਲ੍ਹ ਹੋਣ ਕਰਕੇ ਹਸਪਤਾਲਾਂ ਵਿਚ ਪਹੁੰਚ ਰਹੇ ਹਨ ਜਿਨ੍ਹਾਂ ਨੂੰ ਗੁਰਦਾ ਬਦਲਣ ਦੀ ਲੋੜ ਹੁੰਦੀ ਹੈ।

ਸਿਰਫ਼ 10,000 ਪ੍ਰਤੀ ਸਾਲ ਹੀ ਗੁਰਦੇ ਦਾਨ ਕੀਤੇ ਜਾ ਰਹੇ ਹਨ। ਬਾਕੀ ਡਾਇਲਿਸਸ ਕਰਵਾ ਕੇ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ।

2. ਦਿਲ :- ਹਜ਼ਾਰਾਂ ਦੀ ਗਿਣਤੀ ਵਿਚ ਮਰੀਜ਼ਾਂ ਨੂੰ ਦਿਲ ਦੀ ਲੋੜ ਹੈ ਪਰ ਪ੍ਰਤੀ ਸਾਲ ਸਿਰਫ਼ 5 ਤੋਂ 10 ਅਪਰੇਸ਼ਨ ਹੀ ਹੋ ਰਹੇ ਹਨ।

3. ਜਿਗਰ :- ਲਗਭਗ 25 ਹਜ਼ਾਰ ਜਿਗਰ ਹਰ ਸਾਲ ਲੋੜੀਂਦੇ ਹਨ ਤੇ ਜਿਊਂਦਾ ਬੰਦਾ ਵੀ ਆਪਣੇ ਜਿਗਰ ਦਾ ਕੁੱਝ ਹਿੱਸਾ ਦੇ ਸਕਦਾ ਹੈ ਪਰ ਫਿਰ ਵੀ 1000 ਤੋਂ ਉੱਪਰ ਦਾਨ ਨਹੀਂ ਕੀਤੇ ਜਾਂਦੇ। ਅਪਰੇਸ਼ਨ ਦਾ ਖ਼ਰਚਾ ਵੀ 25 ਤੋਂ 30 ਲੱਖ ਤੱਕ ਪਹੁੰਚ ਜਾਂਦਾ ਹੈ।

4. ਚਮੜੀ :- ਚਮੜੀ ਤਾਂ ਆਪਣੇ ਹੀ ਸਰੀਰ ਦੇ ਇੱਕ ਹਿੱਸੇ ਤੋਂ ਲਈ ਜਾ ਸਕਦੀ ਹੈ। ਲਗਭਗ 1.4 ਲੱਖ ਭਾਰਤੀ ਹਰ ਸਾਲ ਸੜਨ ਨਾਲ ਮਰ ਰਹੇ ਹਨ ਪਰ ਸਿਰਫ਼ 600 ਜਣੇ ਹੀ ਚਮੜੀ ਦਾਨ ਕਰ ਰਹੇ ਹਨ।

ਭਾਰਤ ਵਿਚ ਰੋਜ਼ ਲਗਭਗ 1214 ਸੜਕ ਹਾਦਸੇ ਹੁੰਦੇ ਹਨ ਤੇ ਔਸਤਨ 377 ਲੋਕ ਹਰ

ਰੋਜ਼ ਮਰ ਰਹੇ ਹਨ। ਇਨ੍ਹਾਂ ਵਿੱਚੋਂ 25 ਫੀਸਦੀ ਨੌਜਵਾਨ ਹੁੰਦੇ ਹਨ ਜੋ ਅੰਗ ਦਾਨ ਕਰਨ ਯੋਗ ਹੁੰਦੇ ਹਨ ਪਰ ਫਿਰ ਵੀ ਅੰਗ ਦਾਨ ਕਰਨ ਦਾ ਰੁਝਾਨ ਸਾਡੇ ਦੇਸ ਵਿਚ ਨਾ ਬਰਾਬਰ ਹੈ।

ਪੰਜਾਬ ਵਿਚ ਕਿਸੇ ਸਰਕਾਰੀ ਹਸਪਤਾਲ ਵਿਚ ਅੰਗ ਦਾਨ ਜਾਂ ਟਰਾਂਸਪਲਾਂਟ ਦਾ

ਅਪਰੇਸ਼ਨ ਹੋ ਹੀ ਨਹੀਂ ਰਿਹਾ।

ਲੱਗਦਾ ਤਾਂ ਅਜੀਬ ਹੈ ਕਿ ਪੰਜਾਬ ਦੀ ਧਰਤੀ ਉੱਤੇ ਬਹਾਦਰਾਂ ਦੀ ਕਮੀ ਨਹੀਂ ਤੇ ਨਾ

ਬਹਾਦਰੀ ਦੀ। ਭਲਾ ਫੇਰ ਮਰਨ ਬਾਅਦ ਸਰੀਰ ਨੂੰ ਅੱਗ ਦੇ ਹਵਾਲੇ ਕਰਨ ਤੋਂ ਪਹਿਲਾਂ ਉਸ ਵਿਚਲੇ ਅੰਗਾਂ ਨਾਲ 23 ਜਣਿਆਂ ਨੂੰ ਜੀਵਨ ਦਾਨ ਦੇ ਸਕਦੇ ਹੋਈਏ ਤਾਂ ਪੰਜਾਬੀ ਯਰਕ ਕਿਉਂ ਜਾਂਦੇ ਹਨ? ਇੰਦੌਰ ਵਰਗਾ ਸ਼ਹਿਰ ਅੰਗਦਾਨ ਵਿਚ ਪਹਿਲੇ ਨੰਬਰ ਉੱਤੇ ਆ ਸਕਦਾ ਹੈ ਤਾਂ ਪੰਜਾਬੀ ਪਿੱਛੇ ਕਿਉਂ ਹਨ?

ਮਰਨ ਬਾਅਦ ਵੀ 23 ਜਣਿਆਂ ਦੇ ਟੱਬਰਾਂ ਦੇ ਮਨਾਂ ਵਿਚ ਸਾਲਾਂ ਸਾਲ ਜੀਊਂਦੇ ਰਹਿਣਾ ਤੇ 24 ਘੰਟੇ ਉਨ੍ਹਾਂ ਦੀਆਂ ਅਸੀਸਾਂ ਲੈਂਦੇ ਰਹਿਣਾ-ਜ਼ਰਾ ਸੋਚ ਕੇ ਵੇਖਣਾ, ਅਸੀਂ ਪਿਛਾਂਹ ਕਿਉਂ ਰਹਿ ਰਹੇ ਹਾਂ?

ਅਖ਼ੀਰ ਵਿਚ ਦਸ ਦਿਆਂ ਕਿ ਸਪੇਨ, ਬੈਲਜੀਅਮ, ਫਰਾਂਸ, ਇਟਲੀ, ਸਿੰਗਾਪੁਰ, ਨਾਰਵੇ ਅਤੇ ਔਸਟ੍ਰੀਆ ਵਿਚ ਹਰ ਮਰਦੇ ਬੰਦੇ ਨੂੰ 'ਪਰਜ਼ਿਊਮਡ ਡੋਨਰ' ਮੰਨ ਕੇ ਉਸ ਦੇ ਅੰਗ ਆਪੇ ਹੀ ਕੱਢ ਕੇ ਦੂਜੇ ਨੂੰ ਦਾਨ ਦੇ ਦਿੱਤੇ ਜਾਂਦੇ ਹਨ। ਇਹ ਕਾਨੂੰਨ ਹੀ ਸਾਡੇ ਮੁਲਕ ਵਿਚ ਲੱਖਾਂ ਜਾਨਾਂ ਬਚਾਉਣ ਵਿਚ ਸਹਾਈ ਹੋ ਸਕਦਾ ਹੈ।

**-ਫੋਨ ਨੰ: 0175-2216783**

# ਅਮਰੀਕੀ ਚੌਧਰ ਦਾ ਅੰਤ ਅਤੇ ਵੱਖ-ਵੱਖ ਸ਼ਕਤੀ ਦੇ ਕੇਂਦਰ ਉਸਾਰਣ ਦੇ ਯਤਨ

**ਡਾ. ਸਵਰਾਜ ਸਿੰਘ**



ਇਹ ਸੱਚਾਈ ਲਗਪਗ ਸਪੱਸ਼ਟ ਹੋ ਚੁੱਕੀ ਹੈ ਕਿ ਅਮਰੀਕਾ ਦੇ ਸੰਸਾਰ ਦੀ ਇਕੋ ਇਕ ਮਹਾਂਸ਼ਕਤੀ ਹੋਣ ਦੇ ਅਤੇ ਸਾਰੇ ਸੰਸਾਰ 'ਤੇ ਆਪਣੀ ਚੌਧਰ ਬਣਾਈ ਰੱਖਣ ਦੇ ਦਿਨ ਹੁਣ ਪੁੱਗ ਚੁੱਕੇ ਹਨ। ਇਸ ਤਰ੍ਹਾਂ ਲੱਗ ਰਿਹਾ ਹੈ ਕਿ ਸੰਸਾਰ ਵਿਚ ਵੱਖ-ਵੱਖ ਸ਼ਕਤੀ ਦੇ ਕੇਂਦਰ ਉਸਾਰਣ ਦੇ ਯਤਨ ਹੋਣੇ ਸ਼ੁਰੂ ਹੋ ਗਏ ਹਨ ਅਤੇ ਅਮਰੀਕੀ ਚੌਧਰ ਹੇਠ ਸਥਾਪਿਤ ਹੋਈ ਇਕ ਧਰੁਵੀ ਸੰਸਾਰਿਕ ਵਿਵਸਥਾ ਤੇਜ਼ੀ ਨਾਲ ਬਹੁਧਰੁਵੀ ਸੰਸਾਰ ਵਲ ਵੱਧ ਰਹੀ ਹੈ। ਇਹ ਰੁਝਾਨ ਕੋਈ ਨਵਾਂ ਨਹੀਂ ਹੈ, ਸਗੋਂ ਕਾਫੀ ਸਮੇਂ ਤੋਂ ਚਲੇ ਆ ਰਹੇ ਦੋ ਮੁੱਖ ਰੁਝਾਨਾਂ, ਪੂਰਬ ਦੇ ਉਭਾਰ ਅਤੇ ਪੱਛਮ ਦੇ ਨਿਘਾਰ ਦਾ ਹੀ ਪ੍ਰਗਟਾਵਾ ਹੈ। ਫਰਕ ਸਿਰਫ ਇਹ ਪਿਆ ਹੈ ਕਿ ਹੁਣ ਇਹ ਰੁਝਾਨ ਸਪੱਸ਼ਟ ਦਿਸਣ ਲੱਗ ਪਏ ਹਨ ਅਤੇ ਅਮਲੀ ਰੂਪ ਵਿਚ ਪ੍ਰਗਟ ਹੋਣੇ ਸ਼ੁਰੂ ਹੋ ਗਏ ਹਨ। ਵੱਖ-ਵੱਖ ਦੇਸ ਸ਼ਕਤੀ ਦੇ ਨਵੇਂ ਕੇਂਦਰ ਉਸਾਰਣ ਦੇ ਯਤਨ ਕਰਦੇ ਵੀ ਨਜ਼ਰ ਆ ਰਹੇ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਅਮਰੀਕੀ ਚੌਧਰ ਦਾ ਅੰਤ ਹੋ ਰਿਹਾ ਸਪੱਸ਼ਟ ਨਜ਼ਰ ਆ ਰਿਹਾ ਹੈ। ਪਿੱਛੇ ਜਿਹੇ ਅਤੇ ਹੁਣੇ ਹੁਣੇ ਵਾਪਰਨ ਵਾਲੀਆਂ ਘਟਨਾਵਾਂ ਨੇ ਇਹ ਸੱਚਾਈ ਲਗਪਗ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤੀ ਹੈ ਕਿ ਅਮਰੀਕਾ ਬਹੁਤ ਨਿਘਾਰ ਦੀ ਸਥਿਤੀ ਵਿਚ ਹੈ ਅਤੇ ਅਮਰੀਕਾ ਦੀ ਸ਼ਕਤੀ ਅਤੇ ਅਮਰੀਕਾ ਦਾ ਰਸੂਖ ਲਗਾਤਾਰ ਘਟੀ ਜਾ ਰਹੇ ਹਨ। ਅਮਰੀਕਾ ਦਾ ਕੋਰੋਨਾ ਮਹਾਂਮਾਰੀ ਨਾਲ ਨਾ ਨਜਿੱਠ ਸਕਣਾ ਅਤੇ ਸਾਰੇ ਸੰਸਾਰ ਵਿਚ ਸਭ ਤੋਂ ਵਧ ਇਸ ਨਾਲ ਮੌਤਾਂ ਦਾ ਹੋਣਾ ਅਤੇ ਅਮਰੀਕਾ ਵੱਲੋਂ ਵਰਲਡ ਹੈਲਥ ਆਰਗੇਨਾਈਜੇਸ਼ਨ 'ਤੇ ਇਹ ਦੋਸ਼ ਲਾਉਣਾ ਕਿ ਇਹ ਸੰਸਥਾ ਚੀਨ ਦੀ ਕੱਠਪੁਤਲੀ ਬਣ ਚੁੱਕੀ ਹੈ ਅਤੇ ਅਮਰੀਕਾ ਇਸ ਸੰਸਥਾ ਵਿਚੋਂ ਬਾਹਰ ਆ ਜਾਏਗਾ, ਸਭ ਅਮਰੀਕਾ ਦੀ ਘੱਟ ਰਹੀ ਸ਼ਕਤੀ ਅਤੇ ਸਮਰੱਥਾ ਦੇ ਪ੍ਰਤੀਕ ਹਨ। ਅਮਰੀਕਾ ਵਿਚ ਵੱਡੇ ਪੱਧਰ ਦੀ ਘਰੇਲੂ ਹਿੰਸਾ ਅਤੇ ਅਮਰੀਕਾ ਦਾ ਇਸ ਸਥਿਤੀ ਨਾਲ ਨਜਿੱਠ ਨਾ ਸਕਣਾ ਵੀ ਅਮਰੀਕਾ ਦੀ ਵੱਧ ਰਹੀ ਕਮਜ਼ੋਰੀ ਦਾ ਹੀ ਪ੍ਰਤੀਕ ਹੈ। ਅਮਰੀਕਾ ਦਾ ਲਗਾਤਾਰ ਸੰਸਾਰਿਕ ਸਮਝੋਤਿਆਂ ਅਤੇ ਸੰਸਥਾਵਾਂ ਤੋਂ ਪਿਛੇ ਹੱਟਣ ਦਾ ਰੁਝਾਨ ਵੀ ਅਮਰੀਕਾ ਦੇ ਸੰਸਾਰ 'ਤੇ ਆਪਣੀ ਚੌਧਰ ਨਾ ਕਾਇਮ ਰੱਖ ਸਕਣ ਦੇ ਹੀ ਸੰਕੇਤ ਦਿੰਦਾ ਹੈ। ਅਮਰੀਕਾ ਦੇ ਯੂਰਪੀਨ ਸਾਥੀਆਂ ਵਲੋਂ ਆਪਣੇ ਆਪਣੇ ਰਾਹ ਲੱਭਣ ਦੇ ਯਤਨ ਵੀ ਇਸੇ ਸੱਚਾਈ ਦਾ ਪ੍ਰਗਟਾਵਾ ਹਨ ਕਿ ਉਹਨਾਂ ਨੂੰ ਹੁਣ ਅਮਰੀਕਾ ਦੀ ਸ਼ਕਤੀ ਅਤੇ ਸਮਰੱਥਾ 'ਤੇ ਭਰੋਸਾ ਨਹੀਂ ਰਿਹਾ।

ਭਾਰਤ ਵਿਚ ਵੀ ਕੁਝ ਲੋਕਾਂ ਨੂੰ ਅਜੇ ਵੀ ਅਮਰੀਕਾ ਤੋਂ ਗੈਰ ਯਥਾਰਥਵਾਦੀ ਉਮੀਦਾਂ ਹਨ। ਉਹ ਅਮਰੀਕਾ ਦੇ ਨਿਘਾਰ ਦੀ ਸੱਚਾਈ ਨੂੰ ਮੰਨਣਾ ਨਹੀਂ ਚਾਹੁੰਦੇ। ਕੁਝ ਇਹ ਸੋਚਦੇ ਹਨ ਕਿ ਭਾਵੇਂ ਅਮਰੀਕਾ ਦਾ ਨਿਘਾਰ ਹੋ ਰਿਹਾ ਹੈ ਫਿਰ ਵੀ ਭਾਰਤ ਨੂੰ ਅਮਰੀਕਾ ਤੋਂ ਫਾਇਦਾ ਹੋ ਸਕਦਾ ਹੈ। ਉਹ ਸੋਚਦੇ ਹਨ ਕਿ ਭਾਰਤ ਦੇ ਹਿੱਤਾਂ ਨੂੰ ਚੀਨ ਤੋਂ ਵੱਧ ਖਤਰਾ ਹੈ ਅਤੇ ਅਮਰੀਕਾ ਚੀਨ ਨੂੰ ਕਾਬੂ ਵਿਚ ਰੱਖ ਸਕਦਾ ਹੈ ਅਤੇ ਕਮਜ਼ੋਰ ਕਰ ਸਕਦਾ ਹੈ ਜਿਸਦਾ ਲਾਭ ਭਾਰਤ ਨੂੰ ਹੋ ਸਕਦਾ ਹੈ। ਹਾਲਾਂਕਿ ਅਮਰੀਕਾ ਅਫਗਾਨਿਸਤਾਨ ਅਤੇ ਇਰਾਕ ਤੋਂ ਆਪਣੀਆਂ ਬਚੀਆਂ ਖੁਚੀਆਂ ਫੌਜਾਂ ਵੀ ਵਾਪਸ ਬੁਲਾ ਰਿਹਾ ਹੈ। ਪ੍ਰੰਤੂ ਇਹ ਲੋਕ ਸਮਝਦੇ ਸਨ ਕਿ ਅਮਰੀਕਾ ਨੇ ਆਪਣੇ ਵੱਡੇ ਲੜਾਕੇ ਸਮੁੰਦਰੀ ਜਹਾਜ਼ (ਏਅਰ ਕਰਾਫਟ ਕੋਰੀਅਰ) ਦੱਖਣੀ ਚੀਨੀ ਸਾਗਰ ਵਿਚ ਭੇਜ ਦਿੱਤੇ ਹਨ ਅਤੇ ਅਮਰੀਕਾ ਚੀਨ 'ਤੇ ਹਮਲਾ ਕਰਨ ਵਾਲਾ ਹੈ। ਅਜਿਹੀ ਸਥਿਤੀ ਵਿਚ ਭਾਰਤ ਚੀਨ ਤੋਂ ਆਪਣਾ ਉਹ ਇਲਾਕਾ ਵਾਪਸ ਲੈ ਸਕਦਾ ਹੈ, ਜਿਸ 'ਤੇ ਉਨ੍ਹਾਂ ਅਨੁਸਾਰ ਚੀਨ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਪ੍ਰੰਤੂ ਜਦੋਂ ਇਹ ਸਥਿਤੀ ਸਪੱਸ਼ਟ ਹੋਣ ਲੱਗੀ ਕਿ ਅਮਰੀਕਾ ਚਾਹੁੰਦਾ ਹੈ ਕਿ ਭਾਰਤ ਪਹਿਲਾਂ ਚੀਨ ਨਾਲ ਲੜਾਈ ਸ਼ੁਰੂ ਕਰੇ ਫਿਰ ਅਮਰੀਕਾ ਚੀਨ 'ਤੇ ਹਮਲਾ ਕਰੇਗਾ ਤਾਂ ਕੁਝ ਸੰਜੀਦਾ ਲੋਕ ਇਹ ਸੋਚਣ ਲੱਗ ਪਏ ਕਿ ਇਹ ਨੀਤੀ ਬਹੁਤ ਖਤਰਨਾਕ ਸਾਬਤ ਹੋ ਸਕਦੀ ਹੈ। ਕਿਉਂਕਿ ਜੇ ਭਾਰਤ ਚੀਨ ਨਾਲ ਲੜਾਈ ਇਸ ਭਰੋਸੇ 'ਤੇ ਸ਼ੁਰੂ ਕਰ ਦਏ ਕਿ ਅਮਰੀਕਾ ਉਸਦੀ ਸਹਾਇਤਾ ਲਈ ਲੜਾਈ ਵਿਚ ਕੁਦ ਜਾਏਗਾ ਪ੍ਰੰਤੂ ਜੇ ਅਮਰੀਕਾ ਲੜਾਈ ਵਿਚ ਨਾ ਕੁਦਿਆ ਤਾਂ ਇਹ ਲੜਾਈ ਭਾਰਤ ਦੇ ਗਲ ਪੈ ਜਾਏਗੀ।



ਭਾਰਤ ਨੇ ਇਸ ਕਠਿਨ ਸਥਿਤੀ ਵਿਚ ਫਿਰ ਆਪਣੇ ਭਰੋਸੇਯੋਗ 'ਤੇ ਪਰਖੇ ਹੋਏ ਮਿੱਤਰ ਰੂਸ ਦੀ ਸਹਾਇਤਾ ਲੈਣ ਦਾ ਫੈਸਲਾ ਕੀਤਾ। ਰੂਸ ਨੇ ਸ਼ੰਘਾਈ ਕੋਪਰੇਸ਼ਨ ਆਰਗੇਨਾਈਜੇਸ਼ਨ ਦੀ ਮਾਸਕੋ ਵਿਚ ਹੋ ਰਹੀ ਮੀਟਿੰਗ ਦੌਰਾਨ ਭਾਰਤੀ 'ਤੇ ਚੀਨੀ ਨੇਤਾਵਾਂ ਦੀ ਗੱਲਬਾਤ ਕਰਵਾਈ। ਪਹਿਲਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਚੀਨ ਦੇ ਰੱਖਿਆ ਮੰਤਰੀ ਨਾਲ ਗੱਲਬਾਤ ਨੀਤੀ 'ਤੇ ਫਿਰ ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਚੀਨ ਦੇ ਵਿਦੇਸ਼ ਮੰਤਰੀ ਨਾਲ ਗੱਲਬਾਤ ਕੀਤੀ। ਇਹ ਗੱਲਬਾਤ ਢਾਈ ਘੰਟੇ ਚਲੀ ਅਤੇ 5 ਨੁਕਤਿਆ ਵਾਲੇ ਸਮਝੌਤੇ ਉਤੇ ਸਹਿਮਤੀ ਹੋ ਗਈ। ਲੱਗਦਾ ਹੈ ਕਿ ਹਾਲ ਦੀ ਘੜੀ ਲੜਾਈ ਛਿੜਨ ਦਾ ਖਤਰਾ ਟਲ ਗਿਆ ਹੈ। ਇਸ ਸਾਰੇ ਘਟਨ ਕਰਮ ਤੋਂ ਵੀ ਇਹ ਹੀ ਨਤੀਜਾ ਨਿਕਲਦਾ ਹੈ ਕਿ ਅਮਰੀਕਾ ਹੁਣ ਸੰਸਾਰ ਭਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਨਹੀਂ ਰਿਹਾ। ਭਾਰਤ ਨੂੰ ਆਪਣੀ ਨੀਤੀ ਇਸ ਸੱਚਾਈ ਨੂੰ ਸਵਿਕਾਰ ਕਰਕੇ ਬਣਾਉਣੀ ਚਾਹੀਦੀ ਹੈ ਕਿ ਹੁਣ ਅਮਰੀਕਾ ਸੰਸਾਰ ਦੀ ਇਕੋ ਇਕ ਮਹਾਂਸ਼ਕਤੀ ਨਹੀਂ ਰਿਹਾ ਅਤੇ ਅਮਰੀਕੀ ਚੌਧਰਵਾਦ ਦਾ ਸਮਾਂ ਪੁੱਗ ਗਿਆ ਹੈ ਅਤੇ ਅਮਰੀਕੀ ਚੌਧਰ ਹੇਠ ਸਥਾਪਿਤ ਹੋਈ ਇਕ ਧਰੁਵੀ ਸੰਸਾਰਿਕ ਵਿਵਸਥਾ ਹੁਣ ਬਹੁਧਰੁਵੀ ਸੰਸਾਰਿਕ ਵਿਵਸਥਾ ਵਿਚ ਬਦਲ ਚੁੱਕੀ ਹੈ।

ਇਸ ਨਵੀਂ ਸਥਿਤੀ ਵਿਚ ਦੇਸ਼ਾਂ ਦੀ ਨਵੀਂ ਕਤਾਰਬੰਦੀ ਸ਼ੁਰੂ ਹੋ ਚੁੱਕੀ ਹੈ ਅਤੇ ਵੱਖ-ਵੱਖ ਦੇਸ ਨਵੇਂ ਸ਼ਕਤੀ ਦੇ ਕੇਂਦਰ ਬਣਾਉਣ ਵਲ ਅੱਗੇ ਵਧ ਰਹੇ ਹਨ। ਰੂਸ, ਇਰਾਨ ਅਤੇ ਤੁਰਕੀ ਨੇ ਇਰਾਨ ਵਿਚ ਗੱਲਬਾਤ ਕੀਤੀ ਹੈ। ਇਹ ਤਿਨੇ ਦੇਸ਼ ਯੂਰੇਸ਼ੀਆ (ਜਿੱਥੇ ਯੂਰਪ ਅਤੇ ਏਸ਼ੀਆਂ ਮਹਾਂਦੀਪ ਇਕ ਦੂਜੇ ਨਾਲ ਮਿਲਦੇ ਹਨ) ਦੇ ਵੱਡੇ ਅਤੇ ਮਹੱਤਵਪੂਰਣ ਦੇਸ਼ ਹਨ। ਇਤਿਹਾਸਿਕ ਤੌਰ 'ਤੇ ਤਿੰਨਾਂ ਦੇਸਾਂ ਨੇ ਵੱਡੀਆਂ-ਵੱਡੀਆਂ ਸਲਤਨਤਾਂ (ਐਮਪਾਇਰਜ਼) ਕਾਇਮ ਕੀਤੀਆਂ। ਪੁਰਾਤਨ ਸਮਿਆਂ ਵਿਚ ਇਰਾਨ ਨੇ ਰਾਜਾ ਸਾਇਰਨ ਅਤੇ ਡੇਰੀਅਸ ਵਰਗੇ ਰਾਜਿਆਂ ਦੇ ਕਾਲ ਸਮੇਂ ਸੰਸਾਰ ਦੀ ਸਭ ਤੋਂ ਵੱਡੀ ਸਲਤਨਤ ਕਾਇਮ ਕੀਤੀ ਜੋ ਪੂਰਬ ਵਿਚ ਭਾਰਤੀ ਉਪ ਮਹਾਂਦੀਪ ਤੇ ਪੱਛਮ ਵਿਚ ਯੂਰਪ ਤੱਕ ਪਹੁੰਚਦੀ ਸੀ। ਮੱਧਕਾਲ ਵਿਚ ਤੁਰਕੀ ਨੇ ਸਭ ਤੋਂ ਵੱਡੀ ਸਲਤਨਤ ਕਾਇਮ ਕੀਤੀ ਜਿਸ ਵਿਚ ਅਰਬ ਦੇਸ਼ ਤੇ ਯੂਰਪ ਦਾ ਕਾਫੀ ਹਿੱਸਾ ਸ਼ਾਮਲ ਸੀ। ਅਠਾਰਵੀਂ ਤੇ ਉਨੀਵੀਂ ਸਦੀ ਵਿਚ ਰੂਸ ਨੇ ਬਹੁਤ ਵੱਡੀ ਸਲਤਨਤ ਕਾਇਮ ਕੀਤੀ ਜੋ ਕਿ ਯੂਰਪ ਦੇ ਪੂਰਬੀ ਹਿੱਸੇ ਤੋਂ ਧੁਰ ਏਸ਼ੀਆ ਦੇ ਪੂਰਬ (ਵਲਾਡੀਵਾਸਤੋਕ) ਤੱਕ ਫੈਲੀ ਹੋਈ ਸੀ। ਅੱਜ ਵੀ ਖੇਤਰਫਲ ਦੇ ਲਿਹਾਜ਼ ਨਾਲ ਰੂਸ ਸੰਸਾਰ ਦਾ ਸਭ ਤੋਂ ਵੱਡਾ ਦੇਸ਼ ਹੈ। ਮਾਸਕੋ ਤੋਂ ਵਲਾਡੀਵਾਸਤੋਕ ਰੇਲ (ਫਰਾਂਸ ਸਾਇਬੇਰੀਅਨ ਰੇਲਵੇ) ਰਾਹੀਂ ਪਹੁੰਚਣ ਵਿਚ 7 ਦਿਨ ਲਗ ਜਾਂਦੇ ਹਨ।

ਫਰਾਂਸ ਵੀ ਦੂਜੇ ਦੇਸ਼ਾਂ ਨਾਲ ਮਿਲ ਕੇ ਇਕ ਸ਼ਕਤੀ ਦਾ ਕੇਂਦਰ ਬਣਾਉਣਾ ਚਾਹੁੰਦਾ ਹੈ। ਇਸ ਮੰਤਵ ਲਈ ਫਰਾਂਸ ਨੇ ਭਾਰਤ ਤੇ ਆਸਟਰੇਲੀਆ ਨਾਲ ਗੱਲਬਾਤ ਕੀਤੀ ਹੈ। ਪ੍ਰੰਤੂ ਫਰਾਂਸ ਨੇ ਇਹ ਸਪੱਸ਼ਟ ਕੀਤਾ ਹੈ ਕਿ ਉਹ ਚੀਨ ਵਿਰੁਧ ਗਠਜੋੜ ਨਹੀਂ ਬਣਾਉਣਾ ਚਾਹੁੰਦਾ। ਜਰਮਨੀ, ਚੀਨ ਨਾਲ ਮਿਲ ਕੇ ਇਕ ਨਵਾਂ ਸ਼ਕਤੀ ਦਾ ਕੇਂਦਰ ਉਸਾਰਨਾ ਚਾਹੁੰਦਾ ਹੈ। ਜ਼ਾਹਿਰ ਹੈ ਕਿ ਅਮਰੀਕਾ ਦੇ ਸਭ ਤੋਂ ਨੇੜਲੇ ਸਾਥੀ ਹੀ ਇਹ ਮਹਿਸੂਸ ਕਰ ਰਹੇ ਹਨ ਕਿ ਅਮਰੀਕਾ ਦੀ ਸੰਸਾਰ 'ਤੇ ਚੌਧਰ ਹੁਣ ਖਤਮ ਹੋ ਚੁੱਕੀ ਹੈ ਅਤੇ ਉਨ੍ਹਾਂ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਨਵੇਂ ਸ਼ਕਤੀ ਦੇ ਕੇਂਦਰ ਉਸਾਰਨ ਬਾਰੇ ਸੋਚਣ। ਰੂਸ ਅਤੇ ਚੀਨ ਨੇ ਮਿਲ ਕੇ ਸਭ ਤੋਂ ਪਹਿਲਾਂ ਅਮਰੀਕਾ ਦੇ ਮੁਕਾਬਲੇ ਸ਼ਕਤੀ ਦਾ ਕੇਂਦਰ ਸਥਾਪਿਤ ਕੀਤਾ ਹੈ। ਪ੍ਰੰਤੂ ਹੁਣ ਨਵੇਂ ਸ਼ਕਤੀ ਦੇ ਕੇਂਦਰ ਉਸਰਨੇ ਸ਼ੁਰੂ ਹੋ ਗਏ ਹਨ। ਜ਼ਾਹਿਰ ਹੈ ਕਿ ਬਹੁਧਰੁਵੀ ਸੰਸਾਰ ਸੱਚਮੁਚ ਹੋਂਦ ਵਿਚ ਆ ਚੁੱਕਾ ਹੈ। ਸੰਸਾਰ ਵਿਚ ਸ਼ਕਤੀ ਦੇ ਨਵੇਂ ਸਮੀਕਰਨ ਬਣ ਰਹੇ ਹਨ।

**ਬਾਕੀ ਸਫਾ 2 'ਤੇ**

C M Y B

## ਡਾਇਰੀ ਦੇ ਪੰਨੇ

# ਕੁਦਰਤ ਦੀ ਦਾਤ ਹਰੀ-ਭਰੀ ਚਾਦਰ...

**ਨਿੰਦਰ ਘੁਗਿਆਣਵੀ**

ਝੋਨੇ ਦੀ ਫਸਲ ਮੁੰਜਰਾਂ ਕੱਢੀ ਖੜ੍ਹੀ ਰਹੀ ਹੈ। ਜਦ ਝੋਨਾ ਲੱਗ ਰਿਹਾ ਸੀ ਤਦ ਮੀਂਹ ਦੀ ਲੋੜ ਸੀ, ਨਹੀਂ ਆਇਆ ਮੀਂਹ। ਹੁਣ ਲੋੜ ਨਹੀਂ ਸੀ ਤਾਂ ਏਨਾ



ਆ ਗਿਆ ਹੈ ਕਿ ਖੇਤਾਂ ਵਿਚੋਂ ਪਾਣੀ ਕੱਢਣ ਪਿਛੇ ਕਿਰਸਾਨ ਲੜਨ ਲੱਗੇ ਹਨ। ਇੱਕ ਪਾਸੇ ਕਰੋਨਾ ਦਾ ਕਹਿਰ ਹਾਵੀ ਹੈ। ਮਨ ਡਰੇ ਹੋਏ ਹਨ ਨੇ। ਭਰੇ ਹੋਏ ਨੇ। ਪਤਾ ਨਹੀਂ ਕੀ ਹੋਣੈ ਕੀ ਨਹੀਂ! ਖੈਰ!

ਖੇਤਾਂ ਚ ਇਕਸਾਰ ਖੜ੍ਹੇ ਝੋਨੇ ਉਤੋਂ ਦੀ ਜੇਕਰ ਸਿੱਧੀ-ਸਪਾਟ ਤੇ ਉਡਦੀ ਨਜ਼ਰ ਮਾਰੀਏ, ਜਾਂ ਕਹਿ ਲਓ ਕਿ ਇਸਦੀ ਹਰਿਆਵਲ ਨੂੰ ਅੱਖਾਂ ਵਿਚ ਭਰੀਏ, ਤਾਂ ਲਗਦੈ ਕਿ ਕੁਦਰਤ ਨੇ ਸਾਨੂੰ ਹਰਿਆਵਲ ਨਾਲ ਲੱਦੀ ਲੰਮੀ ਤੋਂ ਲੰਮੀ ਤੇ ਚੌੜੀ ਤੋਂ ਚੌੜੀ ਚਾਦਰ ਸੌਗਾਤ ਵਜੋਂ ਦਿੱਤੀ ਹੈ, ਜਿਸਦੇ ਅਖਰੀਲੇ ਲੜਾਂ ਤੀਕ ਵੀ ਵੇਖੀ ਜਾਈਏ, ਨਾ ਅਕੇਵਾਂ ਲਾਗੇ ਆਵੇ ਨਾ ਥਕੇਵਾਂ! ਅੱਖੀਆਂ ਨੂੰ ਠੰਢਕ ਪੈਂਦੀ ਹੈ ਜਿਵੇਂ ਹਰੇ ਰੰਗੇ ਭਜਨ ਧਾਰਾ ਦੀ ਸਿਲਾਈ ਵਿਚ ਪਾ ਲਈ ਹੋਵੇ ਅੱਖੀਆਂ ਵਿਚ! ਮਨ ਚਾਹੇ ਮੈਂ ਪੰਛੀ ਹੋਵਾਂ, ਤੇ ਕਦੇ ਨਾ ਮੁੱਕਣ ਵਾਲੀ ਇੱਕ ਲੰਬੀ ਉਡਾਰੀ ਇਸ ਹਰੀ-ਭਰੀ ਚਾਦਰ ਉਤੋਂ ਦੀ ਭਰਾਂ, ਤੇ ਉਡਦਾ ਹੀ ਉਡਦਾ ਜਾਵਾਂ, ਮਸਤੀ ਚ ਖੰਭ ਫੜਫੜਾਵਾਂ ਤੇ ਮਨ ਮਰਜ਼ੀ ਦਾ ਨਗਮਾ ਗਾਵਾਂ! ਪਰ ਮੇਰੀ ਕਿਸਮਤ ਵਿਚ ਏਹ ਕਿੱਥੇ ਲਿਖਿਆ ਹੈ ਤੈਂ ਕੁਦਰਤੇ, ਮੇਰਾ ਪੰਛੀ ਹੋਣਾ, ਹਰਿਆਵਲੀ ਚਾਦਰ ਤੇ ਉਡਣਾ-ਖੇਡਣਾ, ਗਾਉਣਾ ਤੇ ਮਸਤਾਉਣਾ। ਕਿੰਨੇ ਪਿਆਰੇ-ਪਿਆਰੇ ਤੇ ਭਾਗਵੰਤੇ ਨੇ ਇਹ ਪੰਛੀ ਨਿੱਕੇ-ਨਿੱਕੇ ਪਰਾਂ ਸਦਕੇ ਲੰਬੀਆਂ ਉਡਾਰੀਆਂ ਭਰਨ ਵਾਲੇ,ਕਰਮਾਂ ਵਾਲੜੇ ਇਹ ਪੰਛੀ ਹਰੀ ਚਾਦਰ ਉਤੇ ਉਡਦੇ ਚਹਿਕ ਰਹੇ ਨੇ, ਗਾ ਰਹੇ ਨੇ ਤੇ ਸਵੇਰ ਦੀ ਮਿੱਠੀ-ਮਿੱਠੀ ਠੰਢਕ ਨੂੰ ਰਮਣੀਕ ਬਣਾ ਰਹੇ ਹਨ।

ਸੂਏ ਦੀ ਬੰਨੀ ਉਤੇ ਖਲੋਤਾ ਦੇਖ ਰਿਹਾ ਹਾਂ ਕਿ ਸੂਏ ਵਿਚ ਲਾਲ ਮਿੱਟੀ ਰੰਗਾ ਪਾਣੀ ਨੱਕੋ-ਨੱਕ ਭਰ ਭਰ ਵਗਦਾ ਜਾ ਰਿਹਾ ਹੈ, ਪਿਛਾਂਹ ਸ਼ੂਕਦੇ ਦਰਿਆਵਾਂ ਨੇ ਜਿਵੇਂ ਸਬਕ ਦੇ ਕੇ ਵਗਣ ਲਈ ਘੱਲਿਆ ਹੋਵੇ ਕਿ ਜਾ ਝੋਨੇ ਦੀ ਫਸਲ ਨੂੰ ਤਬਾਹ ਕਰ ਤੇ ਭਰ-ਭਰ ਵਗ। ਹੁਣ ਜੱਟਾਂ ਨੂੰ ਇਸ ਪਾਣੀ ਦੀ ਲੋੜ ਹੀ ਨਹੀਂ। ਝੋਨਾ ਮੁੰਜਰਾਂ ਕੱਢ ਖਲੋਤਾ ਹੈ ਤੇ ਜੱਟ ਉਡੀਕ ਕਰ ਰਹੇ ਨੇ ਝੋਨੇ ਦੇ ਮੁੱਢਾਂ ਚੋਂ ਪਾਣੀ ਸੁੱਕਣ ਤੇ ਨਿਕਲਣ ਦੀ। ਸਪਰੇਆਂ ਜ਼ੋਰੋ-ਜ਼ੋਰ ਹੋ ਹਟੀਆਂ, ਸ਼ਾਇਦ ਹੋਰ ਵੀ ਹੋਵੇ ਹਾਲੇ। ਕਈ-ਕਈ ਬੋਰੇ ਖਾਦਾਂ ਦੇ ਸੁੱਟ੍ਹੇ ਗਏ ਨੇ ਝੋਨਾ ਚੰਗਾ ਕੱਢਣ ਵਾਸਤੇ। ਦੂਰ ਤੀਕ ਦੇਖਿਆ, ਸਾਡੇ ਪਿੰਡ ਦੀਆਂ ਬੁੱਢੀਆਂ ਦਲਿਤ ਔਰਤਾਂ ਕੋਡੀਆਂ ਹੋ-ਹੋ ਝੋਨੇ ਚੋਂ ਤਾਲ (ਗੰਦ) ਕੱਢ ਰਹੀਆਂ ਨੇ। ਇਹ ਅੱਧੀ ਦਿਹਾੜੀ ਲਾਉਣਗੀਆਂ ਤੇ ਜਦ ਸੂਰਜ ਨੇ ਸਿਰੀ ਤਿੱਖੀ ਕਰ ਲਈ ਤਾਂ ਮੁੜ੍ਹਕੇ ਨਾਲ ਭਿੱਜੀਆਂ ਘਰਾਂ ਨੂੰ ਆਉਣਗੀਆਂ। ਮੈਂਨੂੰ ਤਰਸ ਆਉਂਦਾ ਹੈ ਇੰਨ੍ਹਾਂ ਉਤੇ ਪਰ ਮੈਨੂੰ ਅਫਸੋਸ ਹੈ ਕਿ ਮੈਂ ਮਨ ਮਸੋਸਣ ਤੋਂ ਬਿਨਾਂ ਇਹਨਾਂ ਵਾਸਤੇ ਕੁਝ ਨਹੀਂ ਕਰ ਸਕਦਾ। ਜੇ ਮੈਂ ਕੁਝ ਕਰ ਸਕਣ ਦੇ ਸਮਰੱਥ ਹੁੰਦਾ ਤਾਂ ਆਪਣੀ ਮਾਂ, ਦਾਦੀ ਤੇ ਤਾਈਆਂ ਦੀ ਥਾਵੇਂ ਲਗਦੀਆਂ ਮਜਦੂਰਨਾਂ ਲਈ ਕੁਝ ਜ਼ਰੂਰ ਕਰਦਾ।

ਜਦ ਕਦੇ ਹਲਕੀ ਕਾਲੀ ਬੱਦਲੀ ਬਣ ਕੇ ਉਡਣ ਲਗਦੀ ਹੈ ਤਾਂ ਕਿਸਾਨ ਫਿਕਰ ਕਰਨ ਲਗਦੇ ਨੇ-"ਰੱਬਾ ਹੁਣ ਹੋਰ ਨਹੀਂ ਲੋੜ, ਬਸ ਹੁਣ ਤਾਂ ਮਿਹਰ ਈ ਰੱਖ।" ਕਿਸਾਨ ਆਪਣੇ ਨਿੱਕੇ ਨਿਆਣਿਆਂ ਨੂੰ ਪੁਛਦੇ ਨੇ ਮੌਨਸੂਨ ਪੌਣਾਂ ਬਾਬਤ ਕਿ ਮੁੜ ਗਈਆਂ ਪਿਛਾਂਹ ਕਿ ਨਹੀਂ, ਜਾਂ ਹਾਲੇ ਏਥੇ ਈ ਫਿਰਦੀਆਂ ਗੇੜੇ ਦਿੰਦੀਆਂ ਮੁੰਡਿਓ, ਵੇਖੋ ਖਾਂ ਥੋਡਾ ਫੋਨ ਜਿਆ੍ ਕੀ ਆਂਹਦੈ...ਆਹ ਭੈਣ ਦੇਣੇ ਦੀਆਂ ਤਿੱਤਰ ਖੰਭ੍ਹੀਆਂ ਤੋਂ ਡਰ ਲਗਦੈ...ਕਰੁੱਤੀਆਂ ਕਣੀਆਂ ਨਾ ਆ ਜਾਣ ਹੁਣ...। ਅੱਜ ਦੀ ਸੈਰ ਤੋਂ ਮੁੜਦਿਆਂ ਮੈਂ ਹਰੀ-ਭਰੀ ਚਾਦਰ ਨੂੰ ਅੱਖਾਂ ਵਿਚ ਭਰ ਕੇ ਮੁੜਿਆਂ ਹਾਂ, ਕਦੇ-ਕਦੇ ਮਨ ਹਰਿਆ-ਭਰਿਆ ਕਰਨ ਲਈ ਮੁੜ-ਮੁੜ ਸਕਾਰ ਕਰਾਂਗਾ ਅੱਖਾਂ ਅੱਗੇ ਇਹ ਹਰਿਆਵਲੀ ਚਾਦਰ!

**-ਮੋਬਾ: 9417421700**

# ਲੋਕਧਾਰਾ ਦਾ ਵਣਜਾਰਾ : ਪ੍ਰੋ. ਦਰਿਆ



**ਡਾ. ਨਰਿੰਦਰ ਕੌਰ**

ਡਾ.ਦਰਿਆ ਦੀ ਦੇਣ ਵਿਸ਼ੇਸ਼ ਕਰਕੇ ਪੰਜਾਬੀ ਲੋਕਧਾਰਾ ਅਤੇ ਸਿੱਖ ਸੱਭਿਆਚਾਰ ਦੇ ਵੱਖ-ਵੱਖ ਖੇਤਰਾਂ ਵਿੱਚ ਇਤਨੀ ਵਡਮੁੱਲੀ ਤੇ ਵਿਸ਼ਾਲ ਮਿਲਦੀ ਹੈ । ਪ੍ਰੋ. ਸਾਹਿਬ ਦਾ ਜਨਮ ਗਿਆਨੀ ਸ਼ਿਗਾਰਾ ਸਿੰਘ ਆਜੜੀ ਦੇ ਘਰ ਮਾਤਾ ਸਵਰਨੀ ਦੀ ਕੁੱਖੋਂ 1 ਫਰਵਰੀ, 1971 ਈ. ਵਿੱਚ ਅੰਮ੍ਰਿਤਸਰ ਦੇ ਪਿੰਡ ਮੁਹੰਮਦਪੁਰਾ ਵਿਖੇ ਹੋਇਆ ਸੀ । ਉਨ੍ਹਾਂ ਦੀ ਪਤਨੀ ਦਾ ਨਾਮ ਰੀਵਾ ਤੇ ਬੇਟੀਆਂ ਦਾ ਨਾਮ ਲਹਿਰ ਤੇ ਇਰਾ ਹੈ।

ਪ੍ਰੋ. ਸਾਹਿਬ ਨੇ ਲੋਕ-ਧਰਮ ਦੀ ਸਤਿਕਾਰਣ ਯੋਗ ਸੇਵਾ ਕੀਤੀ। ਉਨ੍ਹਾਂ ਨੇ ਲੋਕ-ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਬਹੁਤ ਸਾਰੇ ਲੇਖ ਲਿਖੇ ਅਤੇ ਯੂ.ਜੀ.ਸੀ ਵੱਲੋਂ ਸਾਰਥਿਕ ਪ੍ਰੋਜੈਕਟ ਵੀ ਕੀਤੇ। ਉਨ੍ਹਾਂ ਨੂੰ ਲੋਕ-ਧਰਮ ਸਾਹਿਤਕਾਰੀ ਦੀ ਸੇਵਾ ਕਰਦਿਆਂ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਵਲੋਂ ਸਨਮਾਨਿਤ ਵੀ ਕੀਤਾ ਗਿਆ ।ਕੁਝ ਸਮਾਂ ਪਹਿਲਾਂ ਹੀ ਉਹਨਾਂ ਨੂੰ ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀ, ਸ਼ਿਮਲਾ ਵੱਲੋਂ ਪੰਜਾਬ ਦੇ ਕਬੀਲਿਆਂ ਨਾਲ ਸੰਬੰਧਿਤ ਖੋਜ ਲਈ ਐਸੋਸੀਏਟਸ਼ਿਪ ਪ੍ਰਦਾਨ ਕੀਤੀ ਗਈ ਸੀ। ਡਾ. ਦਰਿਆ ਦੇ ਜੀਵਨ ਦਾ ਵੱਡਾ ਹਿੱਸਾ ਅਧਿਆਪਕ ਦੇ ਰੂਪ ਵਿੱਚ ਹੀ ਗੁਜਰਿਆ । ਇੱਕ ਅਧਿਆਪਕ ਦੀ ਲੋਕ ਪ੍ਰਿਯਤਾ ਦਾ ਪਤਾ ਉਸ ਦੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਮੌਲਣ ਵਾਲੀ ਸਫਲਤਾ ਅਤੇ ਸਾਰਥਕਤਾ ਤੋਂ ਲਗਦਾ ਹੈ।

ਪ੍ਰੋ. ਸਾਹਿਬ ਨੇ ਤਕਰੀਬਨ ਪਿਛਲੇ 25 ਸਾਲਾਂ ਤੋਂ ਅਧਿਐਨ, ਅਧਿਆਪਨ ਅਤੇ ਖੋਜ ਕਾਰਜਾਂ ਨਾਲ ਜੁੜੇ ਹੋਏ ਸਨ। ਡਾ. ਦਰਿਆ ਨੂੰ ਪੰਜਾਬੀ ਲੇਖਕ ਦੇ ਤੌਰ ਭਾਸ਼ਾ ਵਿਭਾਗ, ਪੰਜਾਬ ਵਲੋਂ ਡਾ. ਅਤਰ ਸਿੰਘ ਅਲੋਚਨਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ । ਡਾ . ਦਰਿਆ ਸੰਨ 2006 ਵਿਚ ਪੰਜਾਬੀ ਅਧਿਐਨ ਸਕੂਲ, ਅੰਮ੍ਰਿਤਸਰ ਵਿਚ ਬਤੌਰ ਅਸਿਸਟੈਂਟ ਪ੍ਰੋਫ਼ੈਸਰ ਵਜੋਂ ਨਿਯੁਕਤ ਹੋਏ ਸਨ । ਇਸ ਤੋਂ ਪਹਿਲਾਂ ਉਹਨਾਂ ਨੇ ਡੀ.ਏ.ਵੀ ਕਾਲਜ, ਅੰਮ੍ਰਿਤਸਰ ਅਤੇ ਬੇਰਿੰਗ ਕਾਲਜ, ਬਟਾਲਾ ਵਿਚ ਵੀ ਅਧਿਆਪਨ ਕਾਰਜ ਕੀਤਾ। ਪੰਜਾਬੀ ਲੋਕਧਾਰਾ ਦੇ ਖੇਤਰ 'ਚ ਉਨ੍ਹਾਂ ਦਾ ਕੰਮ ਵਿਸ਼ੇਸ਼ ਸਥਾਨ ਰੱਖਦਾ ਹੈ। ਇਸੇ ਖੇਤਰ ਵਿੱਚ ਉਹਨਾਂ ਨੇ ਪੰਜਾਬੀ ਲੋਕ-ਧਰਮ ਸੰਬੰਧੀ ਖੋਜ ਕਰਕੇ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਹੁਣ ਤੱਕ



ਉਹਨਾਂ ਦੀਆਂ 13 ਪੁਸਤਕਾਂ ਪੰਜਾਬੀ ਲੋਕਧਾਰਾ ਅਤੇ ਸਾਹਿਤ ਸੰਬੰਧੀ ਪ੍ਰਕਾਸ਼ਿਤ ਹੋ ਚੁੱਕੀਆਂ ਸਨ, ਜਿਨ੍ਹਾਂ ਵਿਚੋਂ ਪੰਜਾਬ ਦੇ ਸਾਂਸੀ ਕਬੀਲੇ ਦਾ ਸੱਭਿਆਚਾਰ (1997), ਪੰਜਾਬੀ ਲੋਕ ਧਰਮ: ਇੱਕ ਅਧਿਐਨ(2004), ਪੰਜਾਬੀ ਲੋਕ ਧਰਮ: ਆਧੁਨਿਕ ਪਰਿਪੇਖ(ਸੰਪਾ, 2008), ਪੰਜਾਬੀ ਲੋਕ ਵਿਸ਼ਵਾਸ: ਸਮਾਜਿਕ ਪਰਿਪੇਖ (ਸੰਪਾ,2008), ਡਾ. ਸੁਸ਼ੀਲ ਦਾ ਲੋਕਧਾਰਾ ਅਧਿਐਨ (ਸੰਪਾ, 2014), ਪੰਜਾਬ ਦੇ ਕਬੀਲੇ ਅਤੀਤ ਅਤੇ ਵਰਤਮਾਨ (2014), ਡਾ. ਮੋਨੋਜੀਤ ਦਾ ਵਿਅੰਗ ਸੰਸਾਰ (2016), ਪੰਜਾਬੀ ਲੋਕਧਾਰਾ ਅਧਿਐਨ (2017), ਸੁਰਿੰਦਰ ਸੀਰਤ: ਸਿਰਜਣਾ ਤੇ ਸੰਵਾਦ(2017), ਮੰਗਾ ਬਾਸੀ ਕਾਵਿ: ਮੂਲਵਾਸ ਅਤੇ ਪਰਵਾਸ ਦਾ ਦਵੰਦ(2017) ਆਦਿ। ਉਹਨਾਂ ਨੇ ਹੁਣ ਤਕ 100 ਦੇ ਕਰੀਬ ਖੋਜ ਪੱਤਰ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੈਮੀਨਾਰਾਂ ਵਿੱਚ ਪ੍ਰਸਤੁਤ ਕੀਤੇ।

ਹੁਣ ਡਾ.ਦਰਿਆ ਪੰਜਾਬੀ ਅਧਿਐਨ ਸਕੂਲ, ਅੰਮ੍ਰਿਤਸਰ ਦੇ ਵਿਭਾਗ ਮੁਖੀ ਵੱਜੋਂ ਸੇਵਾ ਨਿਭਾ ਰਹੇ ਸਨ। ਡਾ.ਦਰਿਆ ਨੇ ਆਪਣੇ ਵਿਭਾਗ ਵਿੱਚ ਆਪਣੀ ਨਿਗਰਾਨੀ ਹੇਠ ਬਹੁਤ ਸਾਰੇ ਵਿਦਿਆਰਥੀਆਂ ਨੂੰ ਪੀਐਚ.ਡੀ. ਅਤੇ ਐਮ.ਫਿੱਲ ਦੀ ਡਿਗਰੀ ਪ੍ਰਦਾਨ ਕਰਵਾਈ। ਉਨ੍ਹਾਂ ਦਾ ਵਿਚਾਰ ਹਮੇਸ਼ਾ ਹੀ ਸਾਡੇ ਨਾਲ ਹੈ ਕਿ ਕੰਮ ਹੀ ਉਹ ਜਾਦੂ ਹੈ ਜੋ ਸਿਰ ਤੇ ਬੋਲਦਾ ਹੈ। ਉਨ੍ਹਾਂ ਨੇ ਕੰਮ ਦਾ ਅਨੰਦ ਮਾਣਿਆ ਤੇ ਪਰਿਣਾਮ ਦੀ ਪ੍ਰਵਾਹ ਨਹੀਂ ਕੀਤੀ। ਡਾ.ਦਰਿਆ ਨੇ ਕੈਨੇਡਾ ਵਿੱਚ ਵੀ ਲੋਕ-ਧਰਮ ਅਧਿਐਨ ਦੇ ਵੱਖੋ-ਵੱਖਰੇ ਵਿਸ਼ਿਆਂ ਉਪਰ ਖੋਜ ਪੱਤਰ ਵੀ ਪ੍ਰਸਤੁਤ ਕੀਤੇ। ਡਾ.ਦਰਿਆ ਦੇ ਮੂੰਹ ਵਿੱਚੋਂ ਨਿਕਲਦੀ ਇੱਕ-ਇੱਕ ਗੱਲ ਸਾਹਿਤਕ ਜਗਿਆਸੂਆਂ ਲਈ ਭਰਪੂਰ ਖਜ਼ਾਨਾ ਰਹੀ ਹੈ। ਡਾ. ਸਾਹਿਬ ਸ਼ੁਰੂ ਤੋਂ ਹੀ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੇ ਖੇਤਰ ਪ੍ਰਤੀ ਜਾਗਰੂਕ ਅਤੇ ਲਗਨ ਰੱਖਣ ਵਾਲੇ ਕਾਮਯਾਬ ਵਿਦਵਾਨ ਸਨ।

ਪਿਛਲੇ ਦਿਨੀਂ ਉਹ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਸਾਡੇ ਕੋਲੋਂ ਸਰੀਰਕ ਤੌਰ 'ਤੇ ਚਲੇ ਗਏ ਹਨ ਪਰ ਉਨਾਂ ਦੁਆਰਾ ਦਿੱਤਾ ਹੋਇਆ ਸਾਹਿਤਕ ਖਜ਼ਾਨਾ ਹਮੇਸ਼ਾ ਉਨ੍ਹਾਂ ਦੀ ਯਾਦ ਨੂੰ ਜੀਵਤ ਰੱਖੇਗਾ। ਸਾਡੇ ਸਾਹਿਤ ਦਾ ਵਣਜਾਰਾ ਪ੍ਰੋ. ਦਰਿਆ ਅੱਜ ਭਾਵੇਂ ਸਾਡੇ ਸਾਹਮਣੇ ਮੌਜੂਦ ਨਹੀਂ ਪ੍ਰੰਤੂ ਆਪਣੀਆਂ ਅਮਰ ਅਤੇ ਅਮੀਰ ਰਚਨਾਵਾਂ ਵਿੱਚ ਉਹ ਹਮੇਸ਼ਾ ਸਾਹ ਲੈਂਦਾ ਅਤੇ ਬੋਲਦਾ ਰਹੇਗਾ।

**-ਮੋਬਾ: 99881-38529**

## ਸਫਾ 1 ਦੀ ਬਾਕੀ: ਅਮਰੀਕੀ ਚੌਧਰ ਦਾ ਅੰਤ ਅਤੇ ਵੱਖ-ਵੱਖ ਸ਼ਕਤੀ ਦੇ ਕੇਂਦਰ ਉਸਾਰਣ ਦੇ ਯਤਨ

ਇਨ੍ਹਾਂ ਨਵੀਆਂ ਪ੍ਰਸਥਿਤੀਆਂ ਅਤੇ ਨਵੇਂ ਸਮੀਕਰਨਾਂ ਵਿਚ ਭਾਰਤ ਦੀ ਕੀ ਨੀਤੀ ਹੋਣੀ ਚਾਹੀਦੀ ਹੈ? ਮੁੱਖ ਤੌਰ 'ਤੇ ਇਹ ਨੀਤੀ ਦੋ ਥੰਮਾਂ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਪਹਿਲਾ, ਭਾਰਤ ਆਪਣੀ ਰਵਾਇਤੀ ਗੁੱਟਾਂ ਤੋਂ ਨਿਰਲੇਪ ਰਹਿਣ ਦੀ ਨੀਤੀ ਨੂੰ ਨਵੇਂ ਹਾਲਾਤ ਅਤੇ ਸਮੀਕਰਨਾ ਅਨੁਕੂਲ ਨਵੇਂ ਅਰਥ ਦੇਵੇ। ਕਿਸੇ ਇਕ ਦੇਸ਼ ਵਿਰੋਧੀ ਕੇਂਦਰ ਵਿਚ ਸ਼ਾਮਲ ਹੋਣ ਦੀ ਬਜਾਏ ਭਾਰਤ ਨੂੰ ਵੱਖ-ਵੱਖ ਕੇਂਦਰਾਂ ਵਿਚ ਸੰਤੁਲਨ ਅਤੇ ਤਾਲਮੇਲ ਬਣਾਏ ਰੱਖਣ ਦੇ ਯਤਨ ਕਰਨੇ ਚਾਹੀਦੇ ਹਨ। ਕਿਸੇ ਇਕ ਦੇਸ਼ ਜਾਂ ਗੁੱਟ ਵਿਰੋਧੀ ਕੇਂਦਰ ਵਿਚ ਸ਼ਾਮਲ ਹੋ ਕੇ ਸੰਸਾਰ ਨੂੰ ਤੀਜੇ ਸੰਸਾਰਿਕ ਯੁੱਧ ਵਲ ਧੱਕਣ ਦੀ ਬਜਾਏ ਸੰਸਾਰ ਅਤੇ ਆਪਣੇ ਖਿੱਤੇ ਵਿਚ ਅਮਨ ਸ਼ਾਂਤੀ ਕਾਇਮ ਰੱਖਣ ਨੂੰ ਪਹਿਲ ਦੇਣੀ ਚਾਹੀਦੀ ਹੈ। ਦੂਜਾ ਥੰਮ ਹੈ ਰੂਸ ਨਾਲ ਮਿੱਤਰਤਾ ਕਾਇਮ ਰੱਖਣ ਦਾ। ਪਿਛਲੇ 70 ਸਾਲਾਂ ਦਾ ਇਤਿਹਾਸ ਸਾਨੂੰ ਇਹ ਹੀ ਸਬਕ ਸਿਖਾਉਂਦਾ ਹੈ ਕਿ ਹਰ ਔਖੀ ਘੜੀ ਵਿਚ ਰੂਸ ਨੇ ਭਾਰਤ ਦਾ ਸਾਥ ਦਿੱਤਾ ਹੈ। ਜਦੋਂ ਕਿ ਅਮਰੀਕਾ ਅਤੇ ਪੱਛਮੀ ਦੇਸਾਂ ਨੇ ਕਈ ਵਾਰੀ ਭਾਰਤ ਵਿਰੋਧੀ ਸਟੈਂਡ ਲਏ ਹਨ ਅਤੇ ਭਾਰਤ ਨੂੰ ਮੁਸ਼ਕਿਲ ਸਥਿਤੀਆਂ ਵਲ ਧੱਕਣ ਦਾ ਯਤਨ ਕੀਤਾ ਹੈ। ਭਾਰਤ ਅਤੇ ਚੀਨ ਵਿਚ ਮੌਜੂਦਾ ਟਕਰਾਅ ਇਸ ਪ੍ਰਕਿਰਿਆ ਦੀ ਇਕ ਵੱਡੀ ਉਦਾਹਰਣ ਹੈ। ਅਮਰੀਕਾ ਨੇ ਤੇ ਉਸਦੇ ਸਾਥੀਆਂ ਨੇ ਭਾਰਤ ਨੂੰ ਚੀਨ ਨਾਲ ਟਕਰਾਅ ਵਲ ਧੱਕਣ ਲਈ ਪੂਰਾ ਜ਼ੋਰ ਲਾਇਆ ਜੇ ਦੋਨਾਂ ਦੇਸਾਂ ਵਿਚ ਇਕ ਵੱਡਾ ਯੁੱਧ ਸ਼ੁਰੂ ਹੋ ਜਾਏ ਤਾਂ ਇਸਦੇ ਗੰਭੀਰ ਤੇ ਤਬਾਹਕੁੰਨ ਨਤੀਜਿਆਂ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਹੈ।

ਪ੍ਰੰਤੂ ਭਾਰਤ ਵਿਚ ਅਮਰੀਕਾ ਪੱਖੀ ਤੇ ਚੀਨ ਵਿਰੋਧੀ ਸ਼ਕਤੀਆਂ ਅਤੇ ਅੰਸ਼ ਲੋਕਾਂ ਨੂੰ ਇਸ ਤਰ੍ਹਾਂ ਭੜਕਾ ਰਹੇ ਹਨ ਕਿ ਕੋਈ ਕਦਮ ਚੁੱਕਣ ਤੋਂ ਪਹਿਲਾਂ ਜਿੰਨੀ ਗੰਭੀਰਤਾ ਤੇ ਸੰਜੀਦਗੀ ਨਾਲ ਡੂੰਘੀ ਵਿਚਾਰ ਕਰਨ ਦੀ ਲੋੜ ਹੈ, ਉਸਦੀ ਜਗ੍ਹਾ ਚੀਨ ਵਿਰੋਧੀ ਲੋਕਾਂ ਨੂੰ ਉਕਸਾ ਕੇ ਆਪਣੇ ਕਦਮ ਦੇ ਨਿਕਲਣ ਵਾਲੇ ਸੰਭਾਵਿਤ ਨਤੀਜਿਆਂ ਬਾਰੇ ਵਿਚਾਰ ਵੀ ਨਹੀਂ ਕਰਨ ਦਿੰਦੇ।

ਜੇ ਲੜਾਈ ਸ਼ੁਰੂ ਵੀ ਕਰਨੀ ਹੈ ਤਾਂ ਉਸਦੇ ਸੰਭਾਵਿਤ ਨਤੀਜਿਆਂ ਬਾਰੇ ਸਾਨੂੰ ਬਹੁਤ ਹੀ ਗੰਭੀਰਤਾ ਅਤੇ ਸੰਜੀਦਗੀ ਨਾਲ ਡੂੰਘੀ ਵਿਚਾਰ ਕਰਨ ਦੀ ਲੋੜ ਹੈ। ਇਸ ਵੇਲੇ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਰੂਸ ਨੇ ਦਖਲ ਦੇ ਕੇ ਅਤੇ ਆਪਣਾ ਰਸੂਖ ਵਰਤ ਕੇ ਸਾਨੂੰ ਉਹ ਕਰਨ ਲਈ ਉਤਸ਼ਾਹਿਤ ਕੀਤਾ ਹੈ ਜੋ ਸਾਨੂੰ ਕਰਨਾ ਚਾਹੀਦਾ ਹੈ। ਜੇ ਅੱਜ ਭਾਰਤ ਇਕ ਬਹੁਤ ਹੀ ਤਬਾਹਕੁੰਨ ਤੀਸਰੇ ਸੰਸਾਰ ਯੁੱਧ ਦਾ ਅਖਾੜਾ ਬਣਨ ਤੋਂ ਬਚ ਜਾਏ ਤਾਂ ਇਸ ਵਿਚ ਦੋ ਤੱਥਾਂ ਨੇ ਵੱਡੀ ਭੂਮਿਕਾ ਨਿਭਾਈ ਹੈ। ਪਹਿਲੀ ਕਿ ਭਾਰਤ ਨੂੰ ਅਹਿਸਾਸ ਹੋ ਰਿਹਾ ਹੈ ਕਿ ਅਮਰੀਕਾ ਦੀ ਸੰਸਾਰ ਤੋਂ ਚੌਧਰ ਖਤਮ ਹੋ ਰਹੀ ਹੈ। ਦੂਜਾ ਕਿ ਰੂਸ ਭਾਰਤ ਦਾ ਸੱਚਾ ਮਿੱਤਰ ਹੈ ਤੇ ਸਾਨੂੰ ਨੇਕ ਸਲਾਹ ਦੇ ਰਿਹਾ ਹੈ।

**-ਮੋਬਾ: 98153-08460**

# ਬਦਤਿ... - ਪਾਠਕ ਕਹੇ ਵਿਚਾਰ ਕੇ



**ਡਾ. ਰਵੀ ਰਵਿੰਦਰ**

**ਲੇਖਕ : ਮਨਮੋਹਨ**

ਮਨਮੋਹਨ ਦੀ ਨਵ-ਪ੍ਰਕਾਸ਼ਿਤ 'ਬਦਤਿ'' (2020) ਸਮੀਖਿਆ ਤੇ ਚਿੰਤਨ ਨਾਲ ਸੰਬੰਧਿਤ ਉਸਦੀ ਗਿਆਰਵੀਂ ਪੁਸਤਕ ਹੈ। ਪੁਸਤਕ ਦਾ ਸਮਰਪਣ ਉਨ੍ਹਾਂ ਵੱਡੇ ਚਿੰਤਕਾਂ ਅਤੇ ਸੋਚਵਾਨਾਂ ਦੇ ਨਾਮ ਹੈ ਜਿਨ੍ਹਾਂ ਕਰਕੇ ਸਾਡੇ ਸਮਿਆਂ 'ਚ ਸਹੀ ਅਤੇ ਸੱਚੀ ਸੋਚ ਅਜੇ ਬਚੀ ਹੋਈ ਹੈ। ਇਸ ਤੋਂ ਪਹਿਲਾਂ ਕਿ ਤੁਸੀਂ ਪੁਸਤਕ ਵਿਚ ਪ੍ਰਵੇਸ਼ ਕਰੋ, 'ਸਮਰਪਣ' ਤੁਹਾਨੂੰ ਰੋਕ ਲੈਂਦਾ ਹੈ ਅਤੇ ਸੋਚਣ ਲਈ ਮਜ਼ਬੂਰ ਕਰਦਾ ਹੈ ਕਿ 'ਸਹੀ ਹੋਣਾ' ਅਤੇ 'ਸੱਚੇ ਹੋਣਾ' ਹੀ ਦੋ ਅਜਿਹੇ ਕਰਮ ਹਨ ਜੋ ਮਨੁੱਖ ਜਾਤੀ ਦੇ ਸ਼ਾਨਦਾਰ ਭਵਿੱਖ ਲਈ ਅਤਿ ਲੋੜੀਂਦੇ ਹਨ। ਪੁਸਤਕ ਦਾ ਪ੍ਰਵੇਸ਼-ਦਵਾਰ ਅਚੇਤ ਹੀ ਇਹ ਖ਼ਦਸ਼ਾ ਵੀ ਲਈ ਬੈਠਾ ਹੈ ਕਿ ਸਾਡੇ ਸਮਿਆਂ ਵਿਚ 'ਸਹੀ' ਅਤੇ 'ਸੱਚ' ਨੂੰ ਗ੍ਰਹਿਣ ਵਿਆਪਕ ਪੱਧਰ 'ਤੇ ਲੱਗਿਆ ਹੋਇਆ ਹੈ। ਸਮਰਪਣ ਤੋਂ ਪਹਿਲਾਂ ਰੋਕਦਾ ਤਾਂ ਪੁਸਤਕ ਦਾ ਸਿਰਲੇਖ ਵੀ ਹੈ। ਪਾਠਕ ਸੋਚਦਾ ਹੈ ਕਿ ਇਹ 'ਬਦਤਿੲ' ਕੀ ਹੋਇਆ? ਪਰ ਜਲਦੀ ਹੀ ਘੁੰਡੀ ਖੁੱਲ੍ਹ ਜਾਂਦੀ ਹੈ ਕਿ 'ਕਹਿਣਾ', 'ਆਖਣਾ', 'ਬੋਲਣਾ' ਤੇ 'ਸਮਝਾਉਣਾ' ਦੇ ਅਰਥਾਂ ਨੂੰ ਪ੍ਰਗਟਾਉਣ ਵਾਲਾ ਸ਼ਬਦ 'ਬਦਤਿ..' ਹੈ। ਇਸ ਲਈ ਇਸ ਪੁਸਤਕ ਵਿਚ ਮਨਮੋਹਨ ਸਮੇਤ ਉਹ ਸਾਰੇ ਚਿੰਤਕ, ਚਿੰਤਨ ਅਤੇ ਪੁਸਤਕਾਂ ਆਪਣੀ ਗੱਲ ਆਖਦੇ ਹਨ, ਜੋ ਸਹੀ ਅਤੇ ਸੱਚੀ ਸੋਚ ਨੂੰ ਪ੍ਰਣਾਏ ਹੋਏ ਹਨ।

ਦਸ ਅਧਿਆਇਆਂ ਵਿਚ ਵੰਡੀ ਇਹ ਪੁਸਤਕ ਦੇਸ਼ ਅਤੇ ਦੁਨੀਆਂ ਦੇ ਨਾਮੀ-ਗਰਾਮੀ ਚਿੰਤਕਾਂ/ਪੁਸਤਕਾਂ ਰਾਹੀਂ ਸਹੀ ਅਤੇ ਸੱਚ ਦੇ ਬੋਧ ਦੁਆਰਾ ਮਨੁੱਖਤਾ ਦਾ ਦਸਮ-ਦੁਆਰ ਖੋਲ੍ਹਣ ਦੀ ਇਕ ਪ੍ਰਤੀਕਾਤਮਕ ਕੋਸ਼ਿਸ਼ ਹੈ।ਯੁਆਲ ਨੋਹਾ ਹਰਾਰੇ, ਐਕੇ ਤੇਮੇਲਕੁਰਾਨ, ਸਟੀਵਨ ਪਿੰਕਰ ਅਤੇ ਸਟੀਫਨ ਹਾਕਿੰਗ ਦੇ ਚਿੰਤਨ ਰਾਹੀਂ ਮਨੁੱਖੀ ਹੋਂਦ ਦੇ ਮੂਲ ਪ੍ਰਸ਼ਨਾਂ ਨੂੰ ਮੁਖਾਤਿਬ ਹੋਇਆ ਗਿਆ ਹੈ। ਹਰਾਰੇ ਦੀਆਂ ਪੁਸਤਕਾਂ ਦੇ ਹਵਾਲੇ ਨਾਲ ਇਹ ਦੱਸਿਆ ਗਿਆ ਹੈ ਕਿ ਭਾਸ਼ਾ, ਕਲਪਨਾ, ਖੇਤੀ ਅਤੇ ਵਿਗਿਆਨ ਮਨੁੱਖ ਦੀ ਹੋਂਦ ਅਤੇ ਹੋਣੀ ਦੇ ਮੂਲ ਪ੍ਰੇਰਕ ਬਣਦੇ ਰਹੇ ਹਨ ਅਤੇ ਮਨੁੱਖੀ ਸਭਿਅਤਾ ਨੂੰ ਇਸ ਦੇ ਮੌਜੂਦਾ ਸਰੂਪ ਤੱਕ ਪਹੁੰਚਾਉਣ ਵਿਚ ਸਹਾਈ ਹੋਏ ਹਨ। ਪਰ ਭਵਿੱਖ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ, ਬਿੱਗ ਡਾਟਾ, ਇੰਟਰਨੈੱਟ ਆਫ਼ ਥਿੰਗਜ਼, ਜੈਨੇਟਿਕ, ਨੈਨੋ ਅਤੇ ਬਾਇਓਨਿਕਸ ਤਕਨੀਕਾਂ ਨੇ ਮਨੁੱਖ ਦਾ ਜੀਵਨ ਬਦਲ ਦੇਣਾ ਹੈ ਅਤੇ ਮਨੁੱਖ ਨੇ ਭਵਿੱਖ ਦਾ ਦੇਵਤਾ ਬਣ ਜਾਣਾ ਹੈ, ਪਰ ਨਾਲ ਹੀ ਉਹ ਇਹ ਵੀ ਸਵਾਲ ਸਿਰਜਦਾ ਹੈ ਕਿ ਕੀ ਅਸੀਂ ਪ੍ਰਸੰਨਤਾ ਭਰਪੂਰ, ਸਬਰ ਤੇ ਸੰਤੋਖ ਵਾਲੀ ਜ਼ਿੰਦਗੀ ਵੱਲ ਵਧ ਰਹੇ ਹਾਂ? ਜੇ ਜਵਾਬ ਨਾਂਹ ਹੈ ਤਾਂ ਕਿਸੇ ਅਸੰਤੁਸ਼ਟ ਤੇ ਗ਼ੈਰ-ਜ਼ਿੰਮੇਵਾਰ ਦੇਵਤੇ ਤੋਂ ਵੱਧ ਖ਼ਤਰਨਾਕ ਕੋਈ ਨਹੀਂ ਹੋ ਸਕਦਾ, ਜਿਸਨੂੰ ਇਹੀ ਨਹੀਂ ਪਤਾ ਕਿ ਉਹ ਚਾਹੁੰਦਾ ਕੀ ਹੈ? ਸਵਾਲ ਹੈ ਕਿ ਫਿਰ ਮੁਕਤੀ ਦਾ ਮਾਰਗ ਹੈ ਕੀ? ਹਰਾਰੇ ਦਾ ਜਵਾਬ ਹੈ- ਆਪਣੇ ਆਪ ਨੂੰ ਜਾਣਨਾ, ਆਪਣੇ ਅੰਦਰ ਪਈਆਂ ਤਰਕ ਅਤੇ ਭਾਵਨਾ ਦੀਆਂ ਸੂਖ਼ਮ ਸ਼ਕਤੀਆਂ ਦੀ ਪਛਾਣ, ਅਪ੍ਰਸੰਗਿਕ ਤੇ ਅਸੰਗਤ ਸੂਚਨਾਵਾਂ ਦੇ ਹੜ੍ਹ ਵਿਚ ਸਪੱਸ਼ਟ ਸਮਝ ਅਤੇ ਆਪਣੇ ਮਨ-ਮਸਤਕ ਨੂੰ ਖੁੱਲ੍ਹੇ ਰੱਖ ਕੇ ਲਗਾਤਾਰ ਕੁਝ ਸਿੱਖਦੇ ਰਹਿਣਾ ਹੀ ਮਨੁੱਖਤਾ ਦੀ ਮੁਕਤੀ ਦਾ ਮਾਰਗ ਹੈ।ਸਟੀਵਨ ਪਿੰਕਰ ਦੀ ਪੁਸਤਕ 'ਇਨਲਾਈਟਨਮੈਂਟ ਨਾਓ' ਰਾਹੀਂ ਇਹ ਸਮਝ ਵਿਕਸਤ ਕੀਤੀ ਗਈ ਹੈ ਕਿ ਭਾਵੇਂ ਜਾਗ੍ਰਿਤੀ ਦੇ ਸਾਰੇ ਆਦਰਸ਼ ਮਨੁੱਖੀ ਤਰਕ 'ਚੋਂ ਪੈਦਾ ਹੋਏ ਹਨ ਪਰ ਇਨ੍ਹਾਂ ਨੂੰ ਹਮੇਸ਼ਾ ਮਨੁੱਖ ਦੀ ਕਬੀਲਾਈ, ਤਾਨਾਸ਼ਾਹ ਅਤੇ ਜਾਦੂਈ ਸੋਚ ਵਿਰੁੱਧ ਸੰਘਰਸ਼ ਕਰਨਾ ਪਿਆ ਹੈ। ਪਰ ਪ੍ਰਬੁੱਧਤਾ (ਜਾਗ੍ਰਿਤੀ) ਦੇ ਚਿੰਤਕਾਂ ਨੇ ਹਮੇਸ਼ਾ ਹੀ ਧਾਰਮਿਕ ਨਰਸੰਹਾਰਾਂ, ਜਿਹਾਦਾਂ, ਗ਼ੁਲਾਮੀ ਅਤੇ ਨਿਰੰਕੁਸ਼ਤਾ ਜਿਹੇ ਵਿਚਾਰਾਂ ਤੇ ਵਿਹਾਰਾਂ ਦੀ ਨਿਖੇਧੀ ਕੀਤੀ ਹੈ। ਉਹ ਤਰਕ, ਵਿਗਿਆਨ, ਮਾਨਵਵਾਦ ਅਤੇ ਪ੍ਰਗਤੀ ਜਿਹੇ ਵਿਚਾਰਾਂ ਨੂੰ ਆਧਾਰ ਬਣਾਉਂਦਿਆਂ ਮਨੁੱਖ ਦੀ ਸੁਤੰਤਰਤਾ ਦੀ ਘੋਸ਼ਣਾ ਕਰਦੇ ਹਨ, ਜਿਸ ਅਧੀਨ ਜੀਵਨ, ਆਜ਼ਾਦੀ ਤੇ ਮਨੁੱਖੀ ਖ਼ੁਸ਼ੀ ਦੀ ਪ੍ਰਾਪਤੀ ਲਈ ਲੋਕਾਂ ਵੱਲੋਂ ਸਹਿਮਤੀ ਪ੍ਰਗਟਾਉਂਦਿਆਂ ਸਰਕਾਰਾਂ ਦਾ ਗਠਨ ਕੀਤਾ ਜਾਂਦਾ ਹੈ। ਪਰ ਅਜਿਹਾ ਨਹੀਂ ਹੈ ਕਿ ਇਸ ਸਥਿਤੀ 'ਤੇ ਪਹੁੰਚਣ ਤੋਂ ਬਾਅਦ ਕਿਸੇ ਕਿਸਮ ਦੇ ਭੈਅ ਦੀ ਕੋਈ ਸੰਭਾਵਨਾ ਨਹੀਂ ਰਹਿੰਦੀ। ਇਸ ਪ੍ਰਕਿਰਿਆ ਨੂੰ ਢਾਹ ਲਾਉਣ ਦੇ ਖ਼ਤਰੇ ਬਣੇ ਰਹਿੰਦੇ ਹਨ ਅਤੇ ਇਹ ਢਾਹ ਲਾਈ ਜਾਂਦੀ ਹੈ ਲੋਕ ਲੁਭਾਉਣੀ ਅਤੇ ਸ਼ੋਸ਼ੇਬਾਜ ਰਾਜਨੀਤੀ ਰਾਹੀਂ। ਇਸ ਸਥਿਤੀ ਦੀ ਵਿਆਖਿਆ ਮਨਮੋਹਨ ਤੁਰਕੀ ਲੇਖਿਕਾ ਐਕੇ ਤੇਮੇਲਕੁਰਾਨ ਦੀ ਪੁਸਤਕ'੍ਹਾ ਟੋ ਲੋਸਏ ਉ ਚੁੋਨਟਰੇ : 7 ਸਟਏਪਸ ਡਰੋਮ ਧਏਮੋਚਰਉਚੇ ਟੋ ਧਚਿਟਉਟੋਰਸਹਪਿ' ਦੇ ਹਵਾਲੇ ਨਾਲ ਕਰਦਾ ਹੈ। ਇਸ ਪੁਸਤਕ ਦਾ ਕੇਂਦਰੀ ਨੁਕਤਾ ਇਹ ਸਮਝਣ ਦੀ ਕੋਸ਼ਿਸ਼ ਹੈ ਕਿ ਸ਼ੋਸ਼ੇਬਾਜ ਨੇਤਾ ਆਪਣੇ ਉਭਾਰ ਲਈ ਕਿਵੇਂ ਰਾਜਨੀਤਕ ਤੇ ਸਮਾਜਿਕ ਸਿਸਟਮਾਂ ਦਾ ਸ਼ੋਸ਼ਣ ਅਤੇ ਦੁਰਉਪਯੋਗ ਕਰਕੇ ਤਾਨਾਸ਼ਾਹੀ ਸਟੇਟ ਦਾ ਨਿਰਮਾਣ ਕਰਦੇ ਹਨ ਅਤੇ ਸੰਸਥਾਵਾਂ ਨੂੰ ਭ੍ਰਿਸ਼ਟ ਕਰਦੇ ਹਨ। ਇਹ ਰਾਜਨੀਤਕ ਪਾਰਟੀਆਂ, ਮੀਡੀਆ, ਸਿਵਲ ਸੇਵਾਵਾਂ, ਪੁਲਿਸ, ਜਾਂਚ ਤੇ ਖ਼ੁਫ਼ੀਆਂ ਏਜੰਸੀਆਂ ਅਤੇ ਇੱਥੋਂ ਤੱਕ ਕਿ ਨਿਆਂਪਾਲਿਕਾ ਨੂੰ ਵੀ ਆਪਣੇ ਹਿਤਾਂ ਲਈ ਵਰਤਣਾ ਸ਼ੁਰੂ ਕਰ ਦਿੰਦੇ ਹਨ।ਹਰ ਪ੍ਰਕਾਰ ਦੀ ਤਾਰਕਿਕਤਾ ਨੂੰ ਭੰਗ ਕਰਕੇ ਭਾਸ਼ਾ ਨੂੰ ਦਹਿਸ਼ਤੀ ਬਣਾ ਦਿੱਤਾ ਜਾਂਦਾ ਹੈ ਅਤੇ ਨੈਤਿਕਤਾ ਨੂੰ ਛਿੱਕੇ ਟੰਗ ਦਿੱਤਾ ਜਾਂਦਾ ਹੈ। ਜਿੱਦਾਂ ਦੀ ਨਾਗਰਿਕਤਾ ਉਹ ਚਾਹੁੰਦੇ ਹਨ, ਉਹ ਘੜ ਲਈ ਜਾਂਦੀ ਹੈ ਅਤੇ ਇਕ ਮਨਚਾਹੇ ਦੇਸ਼ ਦਾ ਨਿਰਮਾਣ ਕਰ ਲਿਆ ਜਾਂਦਾ ਹੈ। ਪਰ ਸਵਾਲ ਹੈ ਕਿ ਕੀ ਜਮਹੂਰੀਅਤ ਦੇ ਕਾਤਲਾਂ ਸਾਹਮਣੇ ਹਾਰ ਮੰਨ ਲਈ ਜਾਵੇ? ਤੇਮੇਲਕੁਰਾਨ ਦੇ ਹਵਾਲੇ ਨਾਲ ਮਨਮੋਹਨ ਦਾ ਜਵਾਬ ਹੈ ਕਿ ਸਾਨੂੰ ਸ਼ੋਸ਼ੇਬਾਜ, ਰਾਸ਼ਟਰਵਾਦੀ, ਸੱਤਾਵਾਦੀ ਅਤੇ ਨਵ-ਫਾਸ਼ੀਵਾਦੀ ਰਾਜਨੀਤੀ ਵਿਰੁੱਧ ਆਪਣੇ ਆਪ ਨੂੰ ਸੰਗਠਿਤ, ਗਤੀਸ਼ੀਲ ਅਤੇ ਰਾਜਨੀਤਕ ਰੂਪ 'ਚ ਜਾਗ੍ਰਿਤ ਹੋਣ ਦੀ ਲੋੜ ਹੈ।

'ਬਦਤਿੲ' ਵਿਚ ਪੱਛਮੀ ਸਾਹਿਤ ਸਿਰਜਣਾ ਦੇ ਵਿਭਿੰਨ ਪਾਸਾਰਾਂ ਅਤੇ ਪਰਿਪੇਖਾਂ ਨੂੰ ਗੈਬਰੀਅਲ ਗਾਰਸ਼ੀਆ ਮਾਰਕੁਏਜ਼, ਆਈਨ ਰੈਂਡ, ਨਿਕੋਸ ਕਜ਼ਾਨਜ਼ਾਕਿਸ, ਰੋਬਰਟ ਫਰੋਸਟ ਅਤੇ ਰਾਬਰਟ ਐਮ. ਪਿਰਸਿਗ ਦੀਆਂ ਲਿਖਤਾਂ ਰਾਹੀਂ ਸਮਝਣ ਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਵੰਨ ਹੰਡਰਡ ਯੀਅਰਜ਼ ਆਫ਼ ਸੋਲੀਚਿਊਡ' ਦਾ ਵਿਸ਼ਲੇਸ਼ਣ ਕਰਦਿਆਂ ਮਨਮੋਹਨ ਲਿਖਦਾ ਹੈ ਕਿ ਉਸ ਲਈ ਇਤਿਹਾਸ ਇਕ-ਰੇਖਕੀ ਜਾਂ ਇਕਹਿਰਾ ਨਹੀਂ ਹੈ, ਬਹੁਪਰਤੀ ਹੈ।ਉਸਦੀਆਂ ਲਿਖਤਾਂ ਅਜਿਹਾ ਇਤਿਹਾਸ ਹੈ ਜਿਸ 'ਚ ਉਹ ਸਾਰਾ ਕੁਝ ਸ਼ਾਮਿਲ ਹੈ ਜੋ ਆਦਿ ਕਾਲ ਤੋਂ ਔਰਤ-ਮਰਦ ਨੇ ਚਾਹਿਆ, ਸੋਚਿਆ, ਜਿਸ ਦੇ ਸੁਪਨੇ ਦੇਖੇ, ਜਿਨ੍ਹਾਂ ਨੂੰ ਸ਼ਬਦ ਦਿੱਤੇ ਅਤੇ ਭਾਵਨਾਵਾਂ ਦੀ ਭਾਸ਼ਾ ਪ੍ਰਦਾਨ ਕੀਤੀ। ਇਸ ਲਈ ਉਸ ਨੇ ਜੋ ਲਿਖਿਆ ਹੈ, ਉਹ ਕਿਸੇ ਇਕ ਸਮਾਜ ਦੀ ਗਾਥਾ ਨਹੀਂ, ਉਹ ਸਾਡੇ ਸਾਰਿਆਂ ਦੀ ਗਾਥਾ ਹੈ। ਇਸੇ ਲੜੀ ਵਿਚ ਉਹ ਆਈਨ ਰੈਂਡ ਦੇ ਨਾਵਲਾਂ ਦੇ ਫ਼ਲਸਫ਼ੇ ਨੂੰ ਵਾਚਦਾ ਹੈ ਅਤੇ ਨਿੱਜਵਾਦ ਅਤੇ ਨੈਤਿਕਤਾ ਨੂੰ ਉਸਦੇ ਦਰਸ਼ਨ ਦੀ ਮੂਲ ਚੂਲ ਮੰਨਦਾ ਹੈ। ਨਿੱਜ ਅਤੇ ਨੈਤਿਕਤਾ ਦਾ ਇਹ ਤਨਾਓ ਮਨਮੋਹਨ ਨੂੰ ਨਿਕੋਸ ਕਜ਼ਾਨਜ਼ਾਕਿਸ ਦੇ 'ਜ਼ੋਰਬਾ ਦਾ ਗਰੀਕ' ਵਿਚ ਸੋਚ ਤੇ ਵਿਹਾਰ ਵਿਚਲੇ ਤਣਾਓ ਵਿਚ ਵਟਦਾ ਦਿਖਾਈ ਦਿੰਦਾ ਹੈ। ਉਸ ਮੁਤਾਬਕ ਕਜ਼ਾਨ ਨੇ ਆਪਣੇ ਨਾਵਲ 'ਦਾ ਲਾਸਟ ਟੈਂਪਟੇਸ਼ਨ ਆਫ਼ ਕਰਾਈਸਟ' ਵਿਚ ਈਸਾ ਨੂੰ ਸੰਘਰਸ਼ ਕਰਦੇ ਮੁਕਤ ਬੰਦੇ ਦੇ ਪ੍ਰਤਿਰੂਪ ਵਿਚ ਦਿਖਾਇਆ ਹੈ ਜੋ ਆਪਣੀ ਇੱਛਾ ਸ਼ਕਤੀ ਨਾਲ ਪਦਾਰਥ ਨੂੰ ਜਿੱਤਦਾ ਹੈ ਅਤੇ ਇਹ ਜਿੱਤ ਉਸਨੂੰ ਕਈ ਤਰ੍ਹਾਂ ਦੀਆਂ ਗ਼ੁਲਾਮੀਆਂ ਜਿਵੇਂ ਪਰਿਵਾਰ, ਦੈਹਿਕ ਆਨੰਦ, ਰਾਜਸੱਤਾ, ਮੌਤ ਦੇ ਭੈਅ ਆਦਿ ਤੋਂ ਮੁਕਤ ਕਰਵਾਉਂਦੀ ਹੈ।ਕੀ ਇੱਛਾ ਸ਼ਕਤੀ ਤੇ ਸੰਘਰਸ਼ ਤੋਂ ਇਲਾਵਾ ਕੋਈ ਹੋਰ ਵੀ ਅਜਿਹਾ ਸਰੋਕਾਰ ਹੈ, ਜੋ ਸਾਨੂੰ ਵਿਰਾਟ ਸਰੋਕਾਰਾਂ ਨਾਲ ਜੋੜ ਸਕੇ? ਬਕੌਲ ਮਨਮੋਹਨ ਰੋਬਰਟ ਫਰੋਸਟ ਦੀਆਂ ਲਿਖਤਾਂ ਇਹ ਸਥਾਪਿਤ ਕਰਦੀਆਂ ਹਨ ਕਿ ਮਾਨਵੀ ਜੀਵਨ ਦਾ ਮੂਲ ਪੱਖ 'ਚੋਣ' ਹੈ। ਹਰ ਵਰਤਾਰਾ, ਹਰ ਸ਼ੈਅ ਅਤੇ ਸੋਚ ਇਸੇ ਚੋਣ ਦਾ ਨਤੀਜਾ ਹੈ।

'ਪੱਛਮੀ ਆਧੁਨਿਕ ਅਤੇ ਉਤਰ ਆਧੁਨਿਕ ਚਿੰਤਨ' ਅਧਿਆਇ ਦੀ ਸ਼ੁਰੂਆਤ 'ਨੀਤਸ਼ੇ : ਰੱਬ ਦੀ ਮੌਤ ਤੇ ਮਹਾਂਮਾਨਵ ਦਾ ਜਨਮ' ਨਾਲ ਕੀਤੀ ਗਈ ਹੈ ਅਤੇ ਦੱਸਿਆ ਗਿਆ ਹੈ ਕਿ ਨੀਤਸ਼ੇ ਮਨੁੱਖ ਨੂੰ ਚੇਤਨਾ, ਬੁੱਧੀ, ਸਿਰਜਣਾ, ਸੁੰਦਰਤਾ ਅਤੇ ਗੌਰਵ ਦੇ ਉਚੇਰੇ ਪੱਧਰ 'ਤੇ ਪਹੁੰਚੇ ਇਕ ਅਜਿਹੇ ਮਹਾਂਮਾਨਵ ਵਜੋਂ ਦੇਖਣਾ ਚਾਹੁੰਦਾ ਹੈ ਜੋ ਆਪਣੀ ਇੱਛਾ ਸ਼ਕਤੀ ਦਾ ਜੀਵੰਤ ਸਰੂਪ ਹੈ।ਇਸ ਅਧਿਆਇ ਵਿਚ ਭਾਵੇਂ ਸਵੇਤਲਾਨਾ ਅਲੈਕਸੇ ਵਿਚ ਦੀਆਂ ਪੁਸਤਕਾਂ, ਰਿਚਰਡ ਡੌਕਿਨਜ਼ ਦੇ ਫ਼ਲਸਫ਼ੇ ਅਤੇ ਨਾਰੀਵਾਦੀ ਚਿੰਤਨ ਨੂੰ ਅਧਿਐਨ ਦਾ ਕੇਂਦਰ ਬਣਾਇਆ ਗਿਆ ਹੈ ਜਿਸਦਾ ਸਾਰ-ਤੱਤ ਇਹ ਹੈ ਕਿ ਵਿਗਿਆਨ, ਇਤਿਹਾਸ, ਦਰਸ਼ਨ ਅਤੇ ਮਾਨਵ ਵਿਗਿਆਨਾਂ ਵਿਚ ਵਾਪਰੇ ਗਿਆਨਾਤਮਕ ਪਰਿਵਰਤਨਾਂ ਨਾਲ ਨਿਰਪੇਖ ਢਹਿ-ਢੇਰੀ ਹੋ ਰਹੇ ਹਨ ਅਤੇ ਪੂਰਨਵਾਦ ਪਸਤ ਹੋ ਰਿਹਾ ਹੈ।




'ਬਦਤਿ..' ਵਿਚ ਲੇਖਕ ਪੱਛਮੀ ਬਿਰਤਾਂਤ ਸਿਰਜਣਾ ਨੂੰ ਵਿਸ਼ੇਸ਼ ਤੌਰ 'ਤੇ ਆਪਣੇ ਅਧਿਐਨ ਦਾ ਵਿਸ਼ਾ ਬਣਾਉਂਦਾ ਹੈ। ਮਸਲਨ ਸੋਲੋਮਨ ਨਾਰਥਅਪ ਦੀ 'ਟਵੈਲਵ ਈਅਰਜ਼ ਆਫ਼ ਸਲੇਵ' ਨੂੰ ਪੜਚੋਲਦਿਆਂ ਉਹ ਕਾਲੇ ਅਮਰੀਕੀ ਗ਼ੁਲਾਮਾਂ ਅਤੇ ਭਾਰਤ ਦੇ ਦਲਿਤ / ਆਸ਼ਦਿਵਾਸੀਆਂ ਦੇ ਦੁੱਖਾਂ ਵਿਚ ਸਮਾਨਤਾ ਦੇ ਸਾਂਝੇ ਬਿੰਦੂ ਤਲਾਸ਼ਦਾ ਹੋਇਆ ਕਹਿੰਦਾ ਹੈ ਕਿ ਇਸ ਧਰਤੀ 'ਤੇ ਬੰਦਾ ਹੀ ਇਕ ਅਜਿਹਾ ਪ੍ਰਾਣੀ ਹੈ, ਜਿਸ ਨੇ ਆਪਣੀ ਸਹਿਜਾਤੀ 'ਤੇ ਜਿੰਨਾ ਜ਼ੁਲਮ ਕੀਤਾ ਹੈ, ਓਨਾ ਸ਼ਾਇਦ ਹੀ ਕਿਸੇ ਹੋਰ ਪ੍ਰਾਣੀ ਨੇ ਆਪਣੀ ਪ੍ਰਜਾਤੀ 'ਤੇ ਕੀਤਾ ਹੋਵੇ। ਇਸੇ ਲੜੀ ਵਿਚ ਐਲੀ ਵੀਜ਼ਲ, ਸਟੀਫਨ ਜ਼ਵਾਇਗ ਅਤੇ ਜਸਤੀਨ ਗਾਰਦਰ ਦੀ ਬਿਰਤਾਂਤਕਾਰੀ ਬਾਰੇ ਚਰਚਾ ਕੀਤੀ ਗਈ ਹੈ।ਇੱਥੇ ਬੁਨਿਆਦੀ ਸਵਾਲ ਇਹ ਹੈ ਕਿ ਜ਼ੁਲਮ, ਧੌਂਸ ਤੇ ਸੱਤਾ ਦੇ ਗਲਬੇ ਨਾਲ ਨਜਿੱਠਿਆ ਕਿਵੇਂ ਜਾਵੇ? ਇਸਦਾ ਜਵਾਬ ਜਸਤੀਨ ਗਾਰਦਰ ਦੇ ਗਲਪ, ਰੋਮਿਲਾ ਥਾਪਰ ਦੇ ਚਿੰਤਨ ਅਤੇ ਡਾ. ਬੀ. ਆਰ. ਅੰਬੇਦਕਰ ਦੇ ਫ਼ਲਸਫ਼ੇ 'ਚ ਉਪਲਬਧ ਹੈ। ਰੋਮਿਲਾ ਥਾਪਰ ਦੀ ਕਿਤਾਬ 'ਪਬਲਿਕ ਇੰਟਲੈਕਚੁਅਲ ਇਨ ਇੰਡੀਆ' ਦਾ ਸੁਨੇਹਾ ਇਹੀ ਹੈ ਕਿ ਜਦੋਂ ਸਰਕਾਰਾਂ, ਧਾਰਮਿਕ ਨੇਤਾ ਅਤੇ ਸਮਾਜ ਦੇ ਸ਼ਕਤੀਸ਼ਾਲੀ ਸੱਤਾਵਾਨ ਆਪਣੀ ਭੂਮਿਕਾ ਨਿਭਾਉਣ ਤੋਂ ਭਟਕ ਜਾਂਦੇ ਹਨ ਤਾਂ ਉਦੋਂ ਜਨਤਕ ਬੁੱਧੀਜੀਵੀ ਹੀ ਸੱਤਾ ਤੋਂ ਸੁਤੰਤਰ ਹੋ ਕੇ, ਬੇਲਾਗ ਅਤੇ ਮੁਕਤ ਰੂਪ 'ਚ ਪ੍ਰਸ਼ਨ ਕਰਦਾ ਹੈ। ਅੰਬੇਦਕਰ ਚਿੰਤਨ ਇਸਨੂੰ ਪੱਤਰਕਾਰੀ ਦੇ ਸੰਦਰਭ ਵਿਚ ਹੋਰ ਸਪੱਸ਼ਟ ਕਰਦਾ ਹੋਇਆ, ਪਹਿਲਾਂ ਆਪਣੀਆਂ ਲਿਖਤਾਂ ਰਾਹੀਂ ਜਨਤਾ 'ਚ ਇਕ ਰਾਇ ਪੈਦਾ ਕਰਨ ਤੇ ਫਿਰ ਜ਼ਮੀਨੀ ਸੰਘਰਸ਼ ਵਿਚ ਕੁੱਦ ਪੈਣ ਨੂੰ ਸਹੀ ਰਣਨੀਤੀ ਮੰਨਦਾ ਹੈ।

'ਭਾਰਤੀ ਬਿਰਤਾਂਤ ਸਿਰਜਣਾ' ਅਧੀਨ ਮਨਮੋਹਨ ਭਾਲ ਚੰਦਰ ਨੇਮਾਡੇ ਦੇ 'ਹਿੰਦੂ', ਦਿਨੇਸ਼ ਰਾਣਾ ਦੇ 'ਲਾਲ ਮੱਕੀ', ਸ਼ਮਸੁਰਹਿਮਾਨ ਫ਼ਾਰੂਕੀ ਦੇ 'ਕਈ ਚਾਂਦ ਥੇ ਸਰੇ-ਆਸਮਾਂ' ਅਤੇ ਨੀਲੋਤਪਲ ਮ੍ਰਣਾਲ ਦੇ 'ਡਾਰਕ ਹੌਰਸ' ਨਾਵਲ ਨੂੰ ਚਰਚਾ ਦਾ ਵਿਸ਼ਾ ਬਣਾਉਂਦਾ ਹੈ।'ਲਾਲ ਮੱਕੀ' ਨੂੰ ਉਹ ਅਨੀਸ ਸਲੀਮ ਦੇ ਹਵਾਲੇ ਨਾਲ ਪੜ੍ਹਨ ਲਈ ਮਜਬੂਰ ਕਰਦਾ ਬਿਰਤਾਂਤ ਮੰਨਦਾ ਹੈ ਜੋ ਸੰਕਟਾਂ ਦੇ ਨਾਲ ਜੂਝਦੀ ਜੰਮੂ-ਕਸ਼ਮੀਰ ਦੀ ਜ਼ਮੀਨ ਨੂੰ ਜਾਦੂਈ ਰੰਗਾਂ 'ਚ ਚਿਤਰਦਾ ਹੈ ਅਤੇ ਇਹ ਸੋਚਣ ਲਈ ਵੀ ਮਜਬੂਰ ਕਰਦਾ ਹੈ ਕਿ ਕਸ਼ਮੀਰ ਦੀ ਸਮੱਸਿਆ ਦੇ ਇਤਿਹਾਸਕ, ਭੂਗੋਲਿਕ, ਰਾਜਨੀਤਕ, ਸਮਾਜਿਕ ਤੇ ਆਰਥਿਕ ਕਾਰਨਾਂ ਦੇ ਨਾਲ ਮਨੋਵਿਗਿਆਨਕ ਕਾਰਨਾਂ ਨੂੰ ਸਮਝਿਆ ਜਾਣਾ ਵੀ ਜ਼ਰੂਰੀ ਹੈ। ਇਸ ਅਧਿਆਇ ਦਾ ਅੰਤ ਉਹ 'ਡਾਰਕ ਹੌਰਸ' ਨਾਵਲ ਦੇ ਇਸ ਨੈਤਿਕ ਸੰਦੇਸ਼ ਨਾਲ ਕਰਦਾ ਹੈ ਕਿ 'ਜ਼ਿੰਦਗੀ ਆਦਮੀ ਨੂੰ ਦੌੜਣ ਲਈ ਕਈ ਰਸਤੇ ਦਿੰਦੀ ਹੈ, ਜ਼ਰੂਰੀ ਨਹੀਂ ਕਿ ਸਾਰੇ ਇਕ ਹੀ ਰਸਤੇ ਉੱਪਰ ਦੌੜਨ। ਜ਼ਰੂਰਤ ਹੈ ਕਿ ਕੋਈ ਇਕ ਰਸਤਾ ਚੁਣ ਲਓ ਅਤੇ ਉਸ ਟ੍ਰੈਕ 'ਤੇ ਦੌੜ ਪਵੋ। ਰੁਕੋ ਨਹੀਂ ਦੌੜਦੇ ਰਹੋ। ਕੀ ਪਤਾ ਕਿਸ ਦੌੜ ਦੇ ਡਾਰਕ ਹੌਰਸ ਸਾਬਿਤ ਹੋ ਜਾਓਂ।'

'ਜੀਵਨੀ, ਸਵੈ ਜੀਵਨੀ ਸਿਰਜਣਾ' ਰਾਹੀਂ ਮਨਮੋਹਨ ਦਲਾਈ ਲਾਮਾ, ਖ਼ਲੀਲ ਜਿਬਰਾਨ, ਸਟੀਫਨ ਜ਼ਵਾਇਗ, ਬਲਰਾਜ ਸਾਹਨੀ ਅਤੇ ਖ਼ਾਲਿਦ ਹੁਸੈਨ ਦੇ ਜੀਵਨ-ਸਰੋਕਾਰਾਂ ਦੀ ਬਾਤ ਪਾਉਂਦਾ ਹੈ। ਦਲਾਈ ਲਾਮਾ ਦੀ ਸਵੈ-ਜੀਵਨੀ ਉਸ ਲਈ ਜਲਾਵਤਨੀ ਭੋਗ ਰਹੇ ਇਕ ਨਿਰਵਾਸਿਤ ਸ਼ਾਂਤਮਈ ਨਾਬਰ ਤੇ ਲਗਨਸ਼ੀਲ ਯੋਧੇ ਦੇ ਸੰਘਰਸ਼ ਦੀ ਆਤਮਕੀਤੀ ਹੈ ਜੋ ਸੱਚ, ਨਿਆਂ, ਆਜ਼ਾਦੀ, ਸਹਿਹੋਂਦ, ਲੋਕਤੰਤਰ ਅਤੇ ਲੋਕਾਂ ਦੇ ਪ੍ਰੇਮ ਦੀ ਜਿੱਤ ਵਿਚ ਵਿਸ਼ਵਾਸ ਰੱਖਦਾ ਹੈ। ਖ਼ਲੀਲ ਜਿਬਰਾਨ ਦੀ ਜੀਵਨੀ ਸਿਆਣਪ ਤੇ ਦਿਵਾਨਗੀ ਨੂੰ ਇਕ-ਮਿੱਕ ਮੰਨਦੀ ਹੈ ਜਿਸ ਬਿਨਾਂ ਨਾ ਸਿਰਜਣਾ ਸੰਭਵ ਹੈ ਅਤੇ ਨਾ ਹੀ ਰੱਬ ਦਾ ਮਿਲਾਪ। ਸਟੀਫਨ ਜ਼ਵਾਇਗ ਲਈ ਨਿੱਜੀ ਆਜ਼ਾਦੀ ਸਭ ਤੋਂ ਵੱਡਾ ਮੁੱਲ ਹੈ। ਦੇਸ਼, ਜਾਤੀ, ਵਰਗ, ਵਰਨ ਆਦਿ ਬਾਹਰੋਂ ਥੋਪੇ ਬੰਧਨਾਂ ਨੂੰ ਉਹ ਮਾਨਵੀ ਜੀਵਨ ਦੀ ਇੱਛਾ ਦੇ ਬ੍ਰਹਿਮੰਡਕ ਸਰੂਪ ਨੂੰ ਸਵੀਕਾਰ ਕਰਨ ਵਿਚ ਰੋੜਾ ਮੰਨਦਾ ਹੈ। ਬਲਰਾਜ ਸਾਹਨੀ ਨੂੰ ਉਹ ਇਕ ਸੱਚੇ-ਸੁੱਚੇ, ਸੰਵੇਦਨਸ਼ੀਲ, ਹੱਸਾਸ ਤੇ ਚੇਤਨ ਬੰਦੇ ਵਜੋਂ ਦੇਖਦਾ ਹੈ ਜੋ ਪ੍ਰਾਪਤ ਮਾਹੌਲ ਦੀਆਂ ਕਰੂਰਤਾਵਾਂ ਤੋਂ ਅਵਾਜ਼ਾਰ ਰਹਿੰਦਾ ਹੈ। ਬਰਾਬਰੀ, ਇਨਸਾਫ਼ ਤੇ ਸਾਵਾਂਪਨ ਉਸਦੇ ਆਦਰਸ਼ ਹਨ ਪਰ ਮਾਹੌਲ ਉਸਨੂੰ ਸਦਾ ਇਸ ਤੋਂ ਉਲਟ ਦਿੰਦਾ ਹੈ।ਖ਼ਾਲਿਦ ਹੁਸੈਨ ਦੀ ਸਵੈ-ਜੀਵਨੀ ਉਸਨੂੰ ਸਵੈ-ਪ੍ਰਗਟਾਵੇ ਨਾਲੋਂ ਸਵੈ-ਪਛਾਣ ਵੱਲ ਵਧੇਰੇ ਰੁਚਿਤ ਜਾਪਦੀ ਹੈ।

ਮਿਖ਼ਾਈਲ ਨਈਮੀ ਰਚਿਤ 'ਮੀਰਦਾਦ ਦੀ ਕਿਤਾਬ' ਨੂੰ ਮਨਮੋਹਨ ਇਸ ਤੋਂ ਮਿਲਦੇ ਅਧਿਆਤਮਕ ਗਿਆਨ, ਦਾਨਾਈ ਤੇ ਸੁਚੱਜੀ ਜ਼ਿੰਦਗੀ ਜਿਊਣ ਦੀ ਸਮਝ ਕਾਰਨ ਇਸ ਨੂੰ ਖ਼ਲੀਲ ਜਿਬਰਾਨ ਦੀ 'ਪੈਗੰਬਰ' ਦੇ ਸਮਤੁੱਲ ਸਮਝਦਾ ਹੈ। ਦੇਵਦੱਤ ਪਟਨਾਇਕ ਦੀ 'ਮੇਰੀ ਗੀਤਾ' ਉਸ ਲਈ ਇਸ ਕਾਰਨ ਮਹੱਤਵਪੂਰਨ ਹੈ ਕਿਉਂਕਿ ਸਵੈ-ਕੇਂਦਰੀਅਤਾ ਕਾਰਨ ਬੰਦਾ ਭੁੱਲਦਾ ਜਾ ਰਿਹਾ ਹੈ ਕਿ ਦੂਜਿਆਂ ਨਾਲ ਅਰਥਪੂਰਨ ਸਹਿਚਾਰ ਤੇ ਸਹਿਹੋਂਦ ਸਾਡੇ ਸਮਕਾਲ ਤੇ ਭਵਿੱਖ ਲਈ ਕਿੰਨੇ ਜ਼ਰੂਰੀ ਹਨ। ਨੈਣ ਸੁੱਖ ਦੀ 'ਆਈ ਪੁਰੇ ਦੀ ਵਾਅ' ਪੜ੍ਹਨ ਦੀ ਸਿਫ਼ਾਰਿਸ਼ ਇਸ ਲਈ ਕੀਤੀ ਗਈ ਹੈ ਕਿਉਂਕਿ ਇਹ ਸਾਡੀਆਂ ਸਿਮਰਤੀਆਂ ਵਿਚੋਂ ਵਿੱਸਰ ਗਈ ਸਾਂਝੀ ਵਿਰਾਸਤ ਦੀ ਯਾਦ ਦਿਵਾਉਂਦੀ ਹੈ।

'ਬਦਤਿੲ' ਦਾ ਦਸਵਾਂ ਤੇ ਆਖ਼ਰੀ ਅਧਿਆਇ 'ਪੰਜਾਬੀ ਸਾਹਿਤ ਚਿੰਤਨ ਤੇ ਸਿਰਜਣਾ' ਦੇ ਅਧਿਐਨ ਨੂੰ ਸਮਰਪਿਤ ਹੈ। ਗੱਲ ਇੱਥੇ ਵੀ ਈਸ਼ਵਰ ਦਿਆਲ ਗੌੜ ਦੀ ਪੁਸਤਕ 'ਫਰੀਦਾ ਖਾਕੁ ਨਾ ਨਿੰਦੀਐ' ਵਿਚ ਕੀਤੀ ਗਈ ਵਿਰਸੇ ਦੀ ਇਤਿਹਾਸਕਾਰੀ ਨੂੰ ਸਾਹਿਤਕਾਰੀ ਦੀ ਪ੍ਰੰਪਰਾ ਵਿਚੋਂ ਤਲਾਸ਼ਣ ਨਾਲ ਸ਼ੁਰੂ ਹੁੰਦੀ ਹੈ ਤੇ ਇਸ ਨੁਕਤੇ 'ਤੇ ਮੁੱਕਦੀ ਹੈ ਕਿ ਲੋਕਤੰਤਰ ਦਾ ਆਧਾਰ ਲੋਕਾਈ ਹੈ ਅਤੇ ਇਸ ਕਾਰਨ ਲੋਕਾਈ ਦੇ ਪ੍ਰਵਚਨਾਂ ਨੂੰ ਇਤਿਹਾਸ ਲੇਖਣ ਜਾਂ ਇਤਿਹਾਸਕਾਰੀ ਦੇ ਪੱਖ ਤੋਂ ਸਾਂਭਣ, ਪੜ੍ਹਨ, ਲਿਖਣ ਅਤੇ ਬਿਆਨਣ ਦੀ ਲੋੜ ਹੈ। ਪਰ ਕੀ ਸਿਰਫ਼ ਲਿਖਣਾ, ਪੜ੍ਹਨਾ ਤੇ ਬਿਆਨਣਾ ਕਾਫ਼ੀ ਹੈ? ਇਸ ਦਾ ਜਵਾਬ ਗੁਰਮੁਖ ਸਿੰਘ ਦੀ ਪੁਸਤਕ 'ਦ੍ਰਿਸ਼ ਸਭਿਆਚਾਰ ਅਤੇ ਪੰਜਾਬੀ ਪਛਾਣ' ਨੂੰ ਵਾਚਦਿਆਂ ਇਹ ਦਿੱਤਾ ਗਿਆ ਹੈ ਕਿ ਫ਼ਿਲਮ, ਟੈਲੀਵਿਯਨ, ਵੀਡੀਓ ਅਤੇ ਇੰਟਰਨੈੱਟ ਦ੍ਰਿਸ਼-ਸਭਿਆਚਾਰ ਦੇ ਮੁੱਖ ਰੂਪ ਹਨ ਜਿਨ੍ਹਾਂ ਰਾਹੀਂ ਮਨੋਰੰਜਨ ਦਾ ਕਲਾਤਮਕ, ਸੁਹਜਾਤਮਕ ਅਤੇ ਸਭਿਆਚਾਰਕ ਮੁੱਲ ਤੈਅ ਹੁੰਦਾ ਹੈ। ਦ੍ਰਿਸ਼-ਸਭਿਆਚਾਰ ਨੂੰ ਸਮਝਣਾ ਅਤੇ ਇਸ ਬਾਰੇ ਚਰਚਾ ਕਰਨੀ ਕੇਵਲ ਇਸ ਕਰਕੇ ਜ਼ਰੂਰੀ ਨਹੀਂ ਕਿ ਇਹ ਸਾਡੀਆਂ ਰੀਝਾਂ, ਚਾਹਤਾਂ, ਲੋੜਾਂ ਨੂੰ ਪੇਸ਼ ਕਰਦਾ ਹੈ ਸਗੋਂ ਇਸ ਕਰਕੇ ਵੀ ਜ਼ਰੂਰੀ ਹੈ ਕਿ ਇਸ ਨਾਲ ਪੇਸ਼ਕਾਰੀ ਤੋਂ ਵੀ ਅਗਾਂਹ ਮਾਨਵੀ ਕਾਮਨਾਵਾਂ ਦੀ ਨਿਸ਼ਾਨਦੇਹੀ ਦਾ ਮੌਕਾ ਮਿਲਦਾ ਹੈ।ਇਸ ਦ੍ਰਿਸ਼-ਸਭਿਆਚਾਰ ਦਾ ਹੀ ਇਕ ਹੋਰ ਵਿਸਤਾਰ ਮਨਮੋਹਨ ਅੰਮ੍ਰਿਤਸਰ ਦੇ ਦੋ ਕਲਾਕਾਰਾਂ ਸੰਦੀਪ ਸਿੰਘ ਤੇ ਹਰਦੀਪ ਸਿੰਘ ਦੀ ਰਚਨਾ 'ਜ਼ਿੰਦਗੀ ਦੇ ਰੰਗ' ਵਿਚ ਦੇਖਦਾ ਹੈ, ਜੋ ਪੰਜਾਬੀ ਕਲਾ, ਸਾਹਿਤ/ਵਿਚਾਰ, ਚਿੱਤਰਕਾਰੀ, ਫ਼ੋਟੋਗ੍ਰਾਫ਼ੀ ਤੇ ਲਿਪੀ ਚਿੱਤਰਕਾਰੀ ਦੇ ਸੁਮੇਲ ਰਾਹੀਂ ਪੰਜਾਬੀ ਕਲਾ ਸਭਿਆਚਾਰ ਦੇ ਖੇਤਰ ਵਿਚ ਨਵੀਂ ਰੂਪ ਵਿਧਾ ਦੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਇਸੇ ਅਧਿਆਇ ਵਿਚ ਸਾਹਿਤਕ ਪੱਤਰਕਾਰੀ ਨਾਲ ਸੰਬੰਧਿਤ ਪੰਜ ਪੁਸਤਕਾਂ (ਪੀ. ਪੀ. ਐਸ ਗਿੱਲ ਦੀ 'ਬਲੱਡ ਆਨ ਦਾ ਗਰੀਨ', ਜਸਪਾਲ ਸਿੱਧੂ ਦੀ 'ਜੂਨ 84 ਦੀ ਪੱਤਰਕਾਰੀ', ਜਗਤਾਰ ਸਿੰਘ ਦੀ 'ਖਾਲਿਸਤਾਨ ਸਟਰੱਗਲ-ਏ ਨਾਨ ਮੂਵਮੈਂਟ', ਖ਼ੁਸ਼ਵੰਤ ਸਿੰਘ ਦੀ 'ਕੈਪਟਨ ਅਮਰਿੰਦਰ ਸਿੰਘ-ਦ ਪੀਊਪਲਜ਼ ਮਹਾਰਾਜਾ' ਅਤੇ ਅਮਨਦੀਪ ਸੰਧੂ ਦੀ 'ਪੰਜਾਬ ਜਰਨੀ ਥਰੂ ਫਾਲਟ ਲਾਈਨਜ਼') ਦਾ ਵਿਸ਼ਲੇਸ਼ਣ ਉਪਲਬਧ ਹੈ। ਵਿਸ਼ੇ ਵੱਖ-ਵੱਖ ਹੁੰਦੇ ਹੋਏ ਵੀ ਇਨ੍ਹਾਂ ਸਾਰਿਆਂ ਦੀ ਮੂਲ ਇੱਛਾ ਉਨ੍ਹਾਂ 'ਫਾਲਟ ਲਾਈਨਜ਼' ਦੀ ਤਲਾਸ਼ ਹੈ ਜੋ ਪੰਜਾਬ ਦੇ ਭੂਤ, ਵਰਤਮਾਨ ਤੇ ਭਵਿੱਖ ਨਾਲ ਸੰਬੰਧਿਤ ਹਨ ਇਸਦਾ ਸਾਰ-ਤੱਤ ਮਨਮੋਹਨ ਅਮਨਦੀਪ ਸੰਧੂ ਦੇ ਹਵਾਲੇ ਨਾਲ ਇਹ ਦਿੰਦਾ ਹੈ ਕਿ ਪਿਛਲੇ ਸਮਿਆਂ ਵਿਚ ਪੰਜਾਬ ਦੇ ਲੋਕਾਂ ਦੀ ਇਕ ਪੀੜ੍ਹੀ ਅੱਤਵਾਦ ਦੇ ਲੇਖੇ ਲੱਗ ਗਈ, ਅਗਲੀ ਪੀੜ੍ਹੀ ਨਸ਼ਿਆਂ ਦੀ ਭੇਟ ਚੜ੍ਹ ਗਈ ਅਤੇ ਵਰਤਮਾਨ ਪੀੜ੍ਹੀ ਪਰਵਾਸ ਅਤੇ ਪਲਾਇਣ ਦੇ ਰਾਹ ਤੁਰ ਪਈ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ ਪੰਜਾਬ ਅੱਜ ਨਵੀਂ ਦਿਸ਼ਾ, ਨਵੇਂ ਰਾਹ ਅਤੇ ਨਵੀਂ ਰਹਿਬਰੀ ਤੇ ਰਹਿਨੁਮਾਈ ਦੀ ਉਡੀਕ ਵਿਚ ਖੜ੍ਹਾ ਹੈ।

ਸਮੁੱਚੇ ਤੌਰ 'ਤੇ 'ਬਦਿਤ..' 20ਵੀਂ-21ਵੀਂ ਸਦੀ ਦੀਆਂ ਮਹੱਤਵਪੂਰਨ ਪੁਸਤਕਾਂ ਦਾ ਇਤਿਹਾਸ ਵੀ ਹੈ ਅਤੇ ਵਿਚਾਰਾਂ ਤੇ ਵਿਚਾਰਕਾਂ ਦਾ ਵੀ। ਇਸ ਵਿਚੋਂ ਕੇਵਲ ਨਵੀਆਂ ਗਿਆਨ-ਦ੍ਰਿਸ਼ਟੀਆਂ ਦੇ ਉਦੇ ਹੋਣ ਦੀ ਟੋਹ ਹੀ ਨਹੀਂ ਮਿਲਦੀ ਸਗੋਂ ਨਵੀਂ ਤਰਜ਼ੇ ਜ਼ਿੰਦਗੀ, ਨਵੀਂ ਤਰਤੀਬ ਅਤੇ ਨਵੇਂ ੋਰਲਦ ਰਦਏਰ ਦੀ ਸੂਹ ਵੀ ਮਿਲਦੀ ਹੈ। ਵਿਅਕਤੀ ਤੋਂ ਬ੍ਰਹਿਮੰਡ ਤੱਕ ਦੇ ਫ਼ਿਕਰਾਂ ਅਤੇ ਜ਼ਿਕਰਾਂ ਨੂੰ ਸਮੇਟਦੀ ਇਹ ਪੁਸਤਕ ਸੋਚ ਸਮਝ ਦੀਆਂ ਨਵੀਆਂ ਸਮੀਕਰਨਾਂ ਵਿਕਸਤ ਕਰਨ ਦੀ ਵੰਗਾਰ ਵੀ ਸਾਡੇ ਸਾਹਮਣੇ ਪੇਸ਼ ਕਰਦੀ ਹੈ।'ਕੌਣ ਕੀ ਕਹਿ ਰਿਹਾ ਹੈ?' ਪੁਸਤਕ ਵਿਚਲੇ ਇਸ ਸਵਾਲ ਦੇ ਨਾਲ-ਨਾਲ ਮਹੱਤਵਪੂਰਨ ਇਹ ਵੀ ਹੈ ਕਿ ਮਨਮੋਹਨ ਆਪਣੇ ਪਾਠਕ ਨੂੰ ਦੱਸਣ ਲਈ ਕਿਹੜੇ ਵੇਰਵਿਆਂ ਦੀ ਚੋਣ ਕਰ ਰਿਹਾ ਹੈ। ਇਹ ਚੋਣ ਹੀ ਉਸਦਾ ਸਿਧਾਂਤ ਹੈ, ਇਹ ਚੋਣ ਹੀ ਉਸਦੀ ਵਿਚਾਰਧਾਰਾ ਹੈ।

ਪਹਿਲੀ ਨਜ਼ਰੇ ਜਾਪਦਾ ਹੈ ਕਿ 'ਬਦਤਿੲ' ਸਿਰਫ਼ ਤੇ ਸਿਰਫ਼ ਚਿੰਤਕਾਂ, ਸਿਧਾਂਤਕਾਰਾਂ, ਸਿਧਾਂਤਾਂ ਤੇ ਬਿਰਤਾਂਤਾਂ ਦੀ ਬਾਤ ਪਾਉਣ ਵਾਲੀ ਪੁਸਤਕ ਹੈ ਪਰ ਡੂੰਘੀ ਨੀਝ ਨਾਲ ਵਾਚਿਆਂ ਪਤਾ ਚਲਦਾ ਹੈ ਕਿ ਵਿਚਾਰ ਅਤੇ ਸਰੋਕਾਰ ਇਸ ਕਿਤਾਬ ਦਾ ਕੇਂਦਰੀ ਨੁਕਤਾ ਹੈ। ਸਿਧਾਂਤਾਂ, ਸਿਧਾਂਤਕਾਰਾਂ, ਬਿਰਤਾਂਤਾਂ, ਬਿਰਤਾਂਤਕਾਰਾਂ, ਨਾਵਾਂ, ਥਾਵਾਂ, ਘਟਨਾਵਾਂ ਦੇ ਵੇਰਵੇ ਇਸ ਕਰਕੇ ਮਹੱਤਵਪੂਰਨ ਹਨ ਕਿਉਂਕਿ ਉਹ ਸਾਡੇ ਭੂਤ ਦੀ ਪੜਚੋਲ, ਵਰਤਮਾਨ ਦੀ ਨਜ਼ਰਸਾਨੀ ਅਤੇ ਭਵਿੱਖ ਦੀ ਤਸਵੀਰਕਸ਼ੀ ਕਰਦੇ ਹਨ। ਦਰਸ਼ਨ ਅਤੇ ਦਾਰਸ਼ਨਿਕਾਂ, ਇਤਿਹਾਸ ਤੇ ਇਤਿਹਾਸਕਾਰਾਂ, ਗਿਆਨ ਤੇ ਵਿਗਿਆਨ ਦੇ ਇਤਿਹਾਸ ਦੀਆਂ ਮੁੱਢਲੀਆਂ ਟੋਹਾਂ ਇਸ ਪੁਸਤਕ ਵਿਚ ਉਪਲਬਧ ਹਨ। ਭਾਸ਼ਾ, ਦਰਸ਼ਨ, ਇਤਿਹਾਸ, ਸਾਹਿਤ, ਸਿਧਾਂਤ ਅਤੇ ਸਰਗਰਮ ਬੌਧਿਕ ਕਾਰਕੁਨਾਂ ਬਾਰੇ ਅਨੇਕਾਂ ਦਰ-ਦਰਵਾਜ਼ੇ ਖੋਲ੍ਹਣ ਵਾਲੀ ਇਸ ਪੁਸਤਕ ਦਾ ਪੰਜਾਬੀ ਚਿੰਤਨ ਜਗਤ ਵਿਚ ਸਵਾਗਤ ਕਰਨਾ ਬਣਦਾ ਹੈ। ਮੇਰਾ ਵਿਸ਼ਵਾਸ ਹੈ ਕਿ ਮਨਮੋਹਨ ਦੇ ਵਿਸ਼ਾਲ ਸ਼ਬਦ ਭੰਡਾਰ, ਵਸੀਹ ਸੰਕਲਪ ਸੰਸਾਰ ਅਤੇ ਮੋਕਲੇ ਵਿਚਾਰਧਾਰਾਈ ਪਰਿਪੇਖ ਰਾਹੀਂ ਸਿਰਜੀ ਇਹ ਪੁਸਤਕ ਪੰਜਾਬੀ ਚਿੰਤਨੀ ਦਾਇਰਿਆਂ ਵਿਚ ਇਕ ਵਿਲੱਖਣ ਪਛਾਣ ਸਥਾਪਿਤ ਕਰੇਗੀ।

**-ਮੋਬਾ: 98180-38041**

# ਮਿੰਨੀ ਕਹਾਣੀਆਂ

## ਜੇਤੂ

### ਪ੍ਰਗਟ ਸਿੰਘ ਜੰਬਰ

ਡੀ.ਸੀ. ਦਫਤਰ ਵਿੱਚੋ ਬਾਹਰ ਨਿਕਲਦੇ ਮਾਸਟਰ ਪਿਆਰਾ ਸਿੰਘ ਨੇ ਸਾਹਮਣੇ ਦਰੀਆ ਵਿਛਾ ਕੇ ਲੋਕਾਂ ਵਿੱਚ ਬੈਠੇ ਆਪਣੇ ਸਕੂਲ ਦੇ ਪਿੰਡ ਦੇ ਸਰਪੰਚ ਨੂੰ ਵੇਖਿਆ, ਮਾਸਟਰ ਸਰਪੰਚ ਨੂੰ ਸੰਬੋਧਨ ਕਰਦੇ ਹੋਏ ਕਿਹਾ, ਸਰਪੰਚ ਸਾਹਿਬ, ਆ ਤੁਸੀਂ ਧਰਨਾ ਲਾ ਕੇ ਕਿਉਂ ਬੈਠੇ ਹੋ ? ਪਿੰਡ ਵਿੱਚ ਤਾਂ ਸੁੱਖ ਹੈ ? ਮਾਸਟਰ ਨੇ ਸਾਰਾ ਕੁੱਝ ਇਕੋ ਸਾਹੇ ਕਹਿ ਦਿੱਤਾ। ਮਾਸਟਰ ਜੀ, ਕੀ ਦੱਸੀਏ, ਤੁਸੀਂ ਤਾਂ 10-12 ਸਾਲ ਤੋਂ ਜਦੋਂ ਦੇ ਸਾਡੇ ਪਿੰਡ ਆਏ ਹੋ। ਸਾਨੂੰ ਕਹਿ ਰਹੇ ਹੋ, ਪਿੰਡ ਦੇ ਸਰਕਾਰੀ ਸਕੂਲ ਵੱਧ ਧਿਆਨ ਦਿਉ। ਇਸ ਦੀ ਹਾਲਤ ਸੁਧਾਰੋ, ਬੱਚੇ ਸਰਕਾਰੀ ਸਕੂਲ ਵਿੱਚ ਪੜਾਉ। ਪ੍ਰਾਈਵੇਟ ਸਕੂਲਾਂ ਦੀਆਂ ਤੁਹਾਡੇ ਤੋਂ ਫੀਸਾਂ ਨਹੀਂ ਭਰੀਆ ਜਾਣੀਆ। ਹੁਣ ਤੁਹਾਡੀ ਗੱਲ ਸੱਚ ਸਿੱਧ ਹੋ ਰਹੀ ਹੈ। ਸਰਕਾਰੀ ਸਕੂਲ ਵਿੱਚ ਅਸੀਂ ਸ਼ਰਮ ਦੇ ਮਾਰੇ ਨਹੀਂ ਆਉਂਦੇ। ਜਦੋਂ ਅਸੀਂ ਸਕੂਲ ਦਾ ਕੁਝ ਸਵਾਰਿਆਂ ਹੀ ਨਹੀਂ ਤਾਂ ਕਿਹੜੇ ਮੂੰਹ ਨਾਲ ਸਕੂਲ ਵਿੱਚ ਬੱਚੇ ਲੈ ਕੇ ਆਈਏ। ਸ਼ਰਮ ਕਾਹਦੀ ? ਸਕੂਲ ਤੁਹਾਡਾ ਆਪਣਾ ਹੈ। ਜਦੋਂ ਮਰਜੀ ਆਉ ਨਾਲੇ ਜਦੋਂ ਪ੍ਰਾਈਵੇਟ ਸਕੂਲ ਨਹੀਂ ਹੁੰਦੇ ਸੀ। ਉਦੋਂ ਸਾਰੇ ਲੋਕਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜਦੇ ਹੁੰਦੇ ਸੀ। ਜਿੰਨੀਆਂ ਫੀਸਾਂ ਤੁਸੀਂ ਬਾਹਰ ਸਕੂਲਾਂ ਨੂੰ ਦਿੰਦੇ ਹੋ। ਇਸ ਦਾ ਅੱਧਾ ਵੀ ਸਰਕਾਰੀ ਸਕੂਲ ਤੇ ਲਾਉ ਸਟੈਂਡਰਡ ਤੁਸੀ ਆਪ ਬਣਾ ਸਕਦੇ ਹੋ ? ਮਾਸਟਰ ਜੀ ਗੱਲ ਤਾਂ ਤੁਹਾਡੀ ਠੀਕ ਹੈ। ਲੋਕਾਂ ਵਿੱਚ ਨਵੀਂ ਆਸ ਦੀ ਕਿਰਨ ਦਾ ਨਵਾਂ ਉਬਾਲ ਨਜਰ ਆ ਰਿਹਾ ਸੀ। ਮਾਸਟਰ ਸਭ ਨੂੰ ਫਤਿਹ ਬੁਲਾ ਕੇ ਜੇਤੂ ਵਾਂਗ ਉੱਥੋਂ ਤੁਰਿਆ।

-ਮੋਬ: 88377-26702

----------

## ਟਿਊਸ਼ਨ

### ਰਾਜੀਵ ਵਿਦਰੋਹੀ

ਨੌਂਵੀਂ ਜਮਾਤ ਦਾ ਦਾਖਲਾ ਚੱਲ ਰਿਹਾ ਸੀ।ਉਸ ਵਿੱਚ ਕੁਝ ਬੱਚੇ ਪ੍ਰਾਈਵੇਟ ਸਕੂਲ ਵਿੱਚੋਂ ਵੀ ਆ ਕੇ ਦਾਖਲ ਹੋ ਗਏ।ਲਗਭਗ ਸਾਰੇ ਜਮਾਤਾਂ ਲੱਗਣ ਲੱਗ ਪਈਆਂ।ਹਿਸਾਬ ਦਾ ਪੀਰੀਅਡ ਲੱਗਦਾ ਤਾਂ ਰੋਜ਼ ਸੀ ਪਰ ਬੱਚਿਆਂ ਨੂੰ ਸਵਾਲ ਸਮਝ ਨਾ ਪੈਂਦੇ।ਜ਼ਿਆਦਾਤਰ ਬੱਚੇ ਹਿਸਾਬ ਵਾਲੇ ਅਧਿਆਪਕ ਤੋਂ ਡਰਦੇ ਸਨ ਕਿਉਂਕਿ ਇੱਕ ਵਾਰ ਗੁਰਦੀਪ ਦੇ ਦੁਬਾਰਾ ਸਵਾਲ ਸਮਝਾਉਣ ਲਈ ਕਹਿਣ ਤੇ ਝਿੜਕਾਂ ਪਈਆਂ ਸਨ।ਪ੍ਰਾਈਵੇਟ ਸਕੂਲ ਵਿੱਚੋਂ ਆਏ ਕਮਲ ਨੂੰ ਇਹ ਗੱਲ ਪੁਰਾਣੇ ਵਿਦਿਆਰਥੀਆਂ ਤੋਂ ਪਤਾ ਚੱਲੀ।ਕਮਲ ਨੇ ਸੋਚਿਆ ਕਿ ਕੱਲ੍ਹ ਨੂੰ ਸਵਾਲ ਨਾ ਸਮਝ ਆਉਣ ਤੇ ਉਹ ਅਧਿਆਪਕ ਨੂੰ ਦੁਬਾਰਾ ਸਮਝਾਉਣ ਲਈ ਕਹੇਗਾ।ਕੁੱਝ ਨਾ ਸਮਝ ਆਉਣ ਦੀ ਥਾਂ ਕਮਲ ਨੇ ਝਿੜਕਾਂ ਖਾਣੀਆਂ ਬਿਹਤਰ ਸਮਝੀਆਂ।ਅਗਲੇ ਦਿਨ ਕਮਲ ਨੇ ਸਵਾਲ ਦੁਬਾਰਾ ਸਮਝਾਉਣ ਲਈ ਕਹਿਣ ਤੇ ਅਧਿਆਪਕਾ ਨੇ ਗੁੱਸੇ ਵਿੱਚ ਕਿਹਾ ਕਿ ਮੇਰਾ ਕੰਮ ਪੜ੍ਹਾਉਣਾ ਹੈ ਨਾ ਕਿ ਸਮਝਾਉਣਾ।ਮੈਂ ਸਰਕਾਰ ਤੋਂ ਪੜ੍ਹਾਉਣ ਦੀ ਤਨਖਾਹ ਲੈਂਦਾ ਹਾਂ ਨਾ ਕਿ ਸਮਝਾਉਣ ਦੀ। ਜੇਕਰ ਸਮਝਣਾ ਹੈ ਤਾਂ ਸ਼ਾਮ ਨੂੰ ਟਿਊਸ਼ਨ ਤੇ ਆ ਜਾਈਂ।ਇਹ ਸੁਣ ਕੇ ਕਮਲ ਸੁੰਨ ਹੋ ਗਿਆ। ਹੁਣ ਉਸਨੂੰ ਸਮਝ ਆ ਗਈ ਕਿ ਜ਼ਿਆਦਾਤਰ ਬੱਚੇ ਹਿਸਾਬ ਵਾਲੇ ਅਧਿਆਪਕ ਕੋਲ ਟਿਊਸ਼ਨ ਕਿਉਂ ਰੱਖਦੇ ਹਨ।

----------

## ਚਾਲਾਕੀ

ਬਾਬਾ ਨਿਰਮਲ ਦੀ ਚੜ੍ਹਤ ਦਿਨੋਂ ਦਿਨ ਵਧਦੀ ਜਾ ਰਹੀ ਸੀ। ਜਿੱਥੇ ਕਿਤੇ ਵੀ ਉਸ ਦੇ ਦੀਵਾਨ ਲੱਗਦੇ ,ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਹੋ ਜਾਂਦਾ। ਹੁਣ ਤਾਂ ਵੱਡੇ -ਵੱਡੇ ਅਫਸਰ ਤੇ ਨੇਤਾ ਲੋਕ ਵੀ ਉਸਦੇ ਡੇਰੇ ਤੇ ਆਉਣ ਲੱਗੇ।ਉਸ ਨੇ ਦੋ -ਤਿੰਨ ਹੋਰ ਥਾਵਾਂ ਤੇ ਵੀ ਜ਼ਮੀਨ ਲੈ ਕੇ ਡੇਰੇ ਬਣਾ ਲਏ।ਜਿੱਥੇ ਕਿਸੇ ਖਾਸ ਦਿਨ, ਤਿਉਹਾਰ ਤੇ ਸੰਗਤਾਂ ਨੂੰ ਬੁਲਾਇਆ ਜਾਂਦਾ।ਬਾਬਾ ਹਮੇਸ਼ਾਂ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਰਹਿੰਦਾ।ਚਾਹੇ ਸਮੂਹਿਕ ਵਿਆਹ ਕਰਨੇ ਹੋਣ ,ਧਾਰਮਿਕ ਦੀਵਾਨ ਹੋਣ ਜਾਂ ਕੋਈ ਕਾਰ ਸੇਵਾ। ਉਸ ਦੇ ਸਭ ਤੋਂ ਵਫਾਦਾਰ ਅਤੇ ਪੁਰਾਣੇ ਚੇਲੇ ਭੋਲੇ ਨੂੰ ਹੋਰ ਡੇਰੇ ਬਣਾਉਣ ਦੀ ਵਿਉਂਤ ਸਮਝ ਨਾ ਆਈ। ਉਸਨੇ ਇੱਕ ਦਿਨ ਬਾਬੇ ਨੂੰ ਪੁੱਛਿਆ ਕਿ ਤੁਹਾਨੂੰ ਹੋਰ ਡੇਰੇ ਬਣਾਉਣ ਨਾਲ ਕੀ ਫਾਇਦਾ ਹੋਵੇਗਾ ? ਇਸ ਨਾਲ ਤਾਂ ਤੁਸੀਂ ਸਕੂਲ ,ਕਾਲਜ ਖੋਲ੍ਹ ਦੇਵੋ।ਜਿਸ ਨਾਲ ਜਨਤਾ ਵੀ ਤੁਹਾਡਾ ਹੋਰ ਸਤਿਕਾਰ ਵਧੇਗਾ ਤੇ ਤੁਹਾਡੇ ਸ਼ਰਧਾਲੂਆਂ ਦੀ ਗਿਣਤੀ ਵੀ ਵਧ ਜਾਵੇਗੀ।ਇਹ ਸੁਣ ਕੇ ਨਿਰਮਲ ਬਾਬੇ ਨੇ ਕਿਹਾ ਕਿ ਭੋਲਿਆ ਤੂੰ ਤਾਂ ਬਿਲਕੁਲ ਭੋਲਾ ਹੈ। ਜੇ ਸਕੂਲ ਕਾਲਜ ਖੋਲ੍ਹ ਦਿੱਤੇ ਤਾਂ ਮੂਰਖ ਜਨਤਾ ਜਿਹੜੀ ਸਾਡੇ ਮਗਰ ਫਿਰਦੀ ਹੈ ,ਪੜ੍ਹ ਲਿਖ ਕੇ ਜਾਗਰੂਕ ਹੋ ਜਾਵੇਗੀ।ਮੇਰੇ ਵਰਗੇ ਬਾਬਿਆਂ ਦੀ ਫਿਰ ਕਿਸੇ ਨੇ ਪੁੱਛ ਨਹੀਂ ਕਰਨੀ।ਬਾਬੇ ਦੀ ਗੱਲ ਸੁਣ ਕੇ ਚੇਲੇ ਨੇ ਉਸਦੇ ਗੋਡੀ ਹੱਥ ਲਾਏ ਤੇ ਉਸ ਦੀ ਚਲਾਕੀ ਤੇ ਮਾਣ ਕਰਕੇ ਬੜਾ ਖੁਸ਼ ਹੋ ਰਿਹਾ ਸੀ।

-ਮੋਬਾ: 9478006050

---------

## ਸਿਆਣੀ ਗੱਲ

### ਤਸਵਿੰਦਰ ਸਿੰਘ ਬੜੈਚ

ਪਿੰਡ ਵਿੱਚ ਕਬੱਡੀ ਦਾ ਟੂਰਨਾਮੈਂਟ ਚੱਲ ਰਿਹਾ ਸੀ। ਜਦੋਂ ਟੂਰਨਾਮੈਂਟ ਸਮਾਪਤ ਹੋਇਆ ਤਾਂ ਕਬੱਡੀ ਟੂਰਨਾਮੈਂਟ ਦੇ ਕਲੱਬ ਦਾ ਪ੍ਰਧਾਨ ਨੀਟਾ, ਜੇਤੂ ਟੀਮ ਦੇ ਖਿਡਾਰੀਆਂ ਨੂੰ ਬੋਲਿਆਂ, "ਸਾਥੀਓ, ਤੁਸੀਂ ਅਗਲੇ ਸਾਲ ਵੀ ਸਾਡੇ ਟੂਰਨਾਮੈਂਟ 'ਤੇ ਜਰੂਰ ਆਉਣਾ ਜੀ, ਕਿਉਂਕਿ ਅਗਲੇ ਸਾਲ ਅਸੀਂ ਇਸਤੋਂ ਵੀ ਜਿਆਦਾ ਵਧੀਆ ਟੂਰਨਾਮੈਂਟ ਕਰਾਉਂਣਾ ਏ, ਐਤਕੀਂ ਤਾਂ ਅਸੀਂ ਟੂਰਨਾਮੈਂਟ 'ਤੇ ਦਸ ਲੱਖ ਰੁਪਿਆ ਹੀ ਖਰਚਿਆ ਏ, ਅਗਲੇ ਸਾਲ ਤਾਂ ਪੂਰਾ ਪੰਦਰਾਂ ਲੱਖ ਰੁਪਿਆ ਖਰਚਣਾ ਏ।"

ਨੀਟੇ ਦੇ ਮੂੰਹੋਂ ਇਹ ਗੱਲ ਸੁਣ ਕੇ ਕੋਲ ਖੜ੍ਹਾ ਇੱਕ ਅਧਖੜ੍ਹ ਉਮਰ ਦਾ ਬੰਦਾ, ਪ੍ਰਧਾਨ ਨੀਟੇ ਨੂੰ ਬੋਲਿਆਂ, "ਪੁੱਤਰਾਂ, ਜੇ ਤੈਨੂੰ ਇਕ ਗੱਲ ਆਖਾਂ ਤਾਂ ਗੁੱਸਾ ਤਾਂ ਨੀ ਕਰੇਗਾ।"

"ਨਹੀਂ ਨਹੀਂ ਅੰਕਲ ਜੀ, ਤੁਸੀਂ ਗੱਲ ਦੱਸੋ," ਪ੍ਰਧਾਨ ਨੀਟਾ ਬੋਲਿਆ।

"ਪੁੱਤਰਾਂ, ਐਤਕੀਂ ਕਿੰਨੇ ਹੀ ਕਿਸਾਨਾਂ ਦੀ ਹਜਾਰਾਂ ਏਕੜ ਕਣਕ ਗੜਿਆਂ ਨਾਲ ਤੇ ਅੱਗ ਨਾਲ ਤਬਾਹ ਹੋ ਗਈ ਏ, ਕਈ ਵਿਚਾਰੇ ਕਿਸਾਨਾਂ ਦੇ ਘਰ ਤਾਂ ਖਾਣ ਜੋਗੇ ਵੀ ਦਾਣੇ ਨਹੀਂ ਬਚੇ, ਜਿਹੜਾ ਤੁਸੀਂ ਆਹ ਦੱਸ ਲੱਖ ਰੁਪਿਆ ਟੂਰਨਾਮੈਂਟ 'ਤੇ ਖਰਚਿਆ ਏ, ਜੇ ਏਹੀ ਪੈਸਾ ਉਨ੍ਹਾਂ ਕਿਸਾਨਾਂ ਨੂੰ ਦੇ ਦਿੰਦੇ, ਟੂਰਨਾਮੈਂਟ ਵੱਲੋਂ ਤਾਂ ਸਰ ਵੀ ਸਕਦਾ ਸੀ," ਅਧਖੜ ਉਮਰ ਦਾ ਬੰਦਾ, ਪ੍ਰਧਾਨ ਨੀਟੇ ਨੂੰ ਬੋਲਿਆ।

"ਛੋਟੇ ਭਾਈ, ਗੱਲ ਤਾਂ ਤੇਰੀ ਸਿਆਣੀ ਏ, ਟੂਰਨਾਮੈਂਟ ਨਾਲੋਂ ਵੱਧ ਜ਼ਰੂਰਤ ਅੱਜ ਇਹੋ ਜਹੇ ਲੋੜਵੰਦਾਂ ਦੀ ਮੱਦਦ ਕਰਨ ਦੀ ਏ, ਕੋਲ ਖੜ੍ਹਾ ਇਕ ਬਜ਼ੁਰਗ ਬੋਲਿਆਂ।

## ਬਲੀ

ਤਾਸ਼ ਦੀ ਬਾਜੀ ਖ਼ਤਮ ਹੋਣ ਤੌਂ ਬਾਅਦ ਸੱਥ 'ਚ ਬੈਠਾ ਬਲਵੀਰ ਸਿੰਘ ਬੋਲਿਆ, "ਦੋਸਤੋ, ਆਹ ਨਵੇਂ ਪਿੰਡ ਕੋਲ ਦੀ ਲੰਘਦੀ ਸੜਕ ਦੇ ਤਾਂ ਸਰਕਾਰ ਨੇ ਵੱਟ ਹੀ ਕੱਢ ਦਿੱਤੇ ਹਨ, ਉਸ ਨੂੰ ਦੇਖ ਕੇ ਮਨ ਖੁਸ਼ ਹੋ ਜਾਂਦਾ ਏ, ਐਨੀ ਸੋਹਣੀ ਬਣਾਈ ਹੈ।"

"ਬਿਲਕੁਲ ਸਹੀ ਛੋਟੇ ਭਾਈ, ਖੁੱਲ੍ਹੀ ਡੁੱਲ੍ਹੀ ਚਹੁੰ ਮਾਰਗੀ ਰੋਡ 'ਤੇ ਵਹੀਕਲ ਚਲਾ ਕੇ ਰੂਹ ਪ੍ਰਸੰਨ ਹੋ ਜਾਂਦੀ ਹੈ," ਮਲਜੀਤ ਨੇ ਆਪਣੇ ਦਿਲ ਦੀ ਗੱਲ ਕਹਿ ਦਿੱਤੀ।

ਫਿਰ ਇੱਕ ਆਵਾਜ਼ ਗੂੰਜੀ ਸਾਰੇ ਪਾਸੇ ਛਨਾਟਾ ਛਾ ਗਿਆ, "ਜਿਹਨਾਂ ਹਰੇ-ਭਰੇ ਦਰੱਖਤਾਂ ਨੂੰ ਉਜਾੜ ਕੇ ਤੁਸੀਂ ਸਰਕਾਰੀ ਵਿਕਾਸ ਤੇ ਆਵਾਜਾਈ ਦੇ ਸਾਧਨ ਾਂ ਦੀ ਤਰੱਕੀ ਸਮਝਦੇ ਹੋ ਫਿਰ ਸ਼ੁੱਧ ਵਾਤਾਵਰਣ ਕਿਥੋਂ ਭਾਲਦੇ ਹੋ, ਉਹਨਾਂ ਦੀ ਕੁਰਬਾਨੀ ਦੇ ਕੇ ਤੁਸੀਂ ਆਉਣ ਵਾਲੀ ਪੀੜ੍ਹੀ ਲਈ ਕੰਡੇ ਬੀਜ ਰਹੇ ਹੋ ਤੇ ਗੰਧਲਾ ਤੇ ਨਰਕ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਕਰ ਰਹੇ ਹੋ।"

-ਮੋਬਾ 98763-22677

## ਅਸਲੀ ਪੁੰਨ

### ਅਮਰਜੀਤ ਸਿੰਘ ਮਾਨ

ਜਦੋਂ ਗੁਰਮੀਤ ਘਰ ਆਇਆ , ਉਸਦਾ ਬਾਪੂ ਸੀਰੀ

ਨੂੰ ਨਾਲ ਲਾ ਕੇ ਕਣਕ ਦੇ ਭਰੇ ਗੱਟੇ ਟਰਾਲੀ ਵਿਚ ਰਖਵਾ ਰਿਹਾ ਸੀ।

"ਬਾਪੂ ਜੀ ,ਇਹ ਤਾਂ ਮੈਂ ਅੱਡੋ -ਅੱਡ ਲੰਗਰਾਂ ਤੇ ਡੇਰੇ ਆਲਿਆਂ ਲ ?ੀ ਭਰਕੇ ਰੱਖੇ ਸੀ। ਪੁੰਨ ਨਮਿਰਤ।ਜਿਹੜਿਆਂ ਦੀ ਟਰਾਲੀ ਗੇਟ 'ਤੇ ਆਈ, ਓਸੇ ਨੂੰ ਇਕ ਗੱਟਾ ਮੋਢੇ ਲਵਾ ਦਿੰਦੇ। ਵਾਰੀ ਵਾਰੀ ਢੋਲ ਨਾਂ ਖੋਲਣੇ ਪੈਂਦੇ। " ਉਸਨੇ ਆਵਦੇ ਬਾਪੂ ਨੂੰ ਟੋਕਿਆ।

"ਓ ਮੈਨੂੰ ਪਤਾ ਕਾਕਾ। ਪਰ ਐਤਕੀਂ ਮੈਂ ਕੁਸ਼ ਹੋਰ ਸੋਚਿਆ। " ਬਾਪੂ ਪੂਰੇ ਅਤਮ ਵਿਸ਼ਵਾਸ਼ ਨਾਲ ਬੋਲਿਆ।

"ਕੀ ? "

"ਛੋਟੀ ਖਾਰੀ ਵਾਲੇ ਜਿਹਨਾਂ ਕਿਸਾਨਾਂ ਦੀ ਖੜ੍ਹੀ ਕਣਕ ਮੱਚ 'ਗੀ ਸੀ, ਉਹਨਾਂ ਦੇ ਇਕ - ਇਕ ਗੱਟਾ ਲਾਹ ਕੇ ਆਉਣਾ। ਅਸਲੀ ਤੇ ਵੱਡਾ ਪੁੰਨ ਤਾਂ ਆਹੀ ਐ , ਮੇਰੀ ਨਿਗ੍ਹਾ 'ਚ '

" ਤੇ ਲੰਗਰ ਆਲਿਆਂ ਲਈ ....! ਆਪਾਂ ਕਣਕ ਤਾਂ ਸਾਲ ਭਰ ਲ ?ੀ ਪੂਰੀ- ਸੂਰੀ ਰੱਖੀ ਆ। "

"ਕੋਈ ਨੀਂ । ਐਤਕੀਂ ਜਬਾਵ ਦੇ ਦਿਆਂਗੇ ਉਹਨਾਂ ਨੂੰ । ਆਪਣੇ ਭਾਈਬੰਦਾਂ ਤੇ ਮੁਸ਼ਕਿਲ ਪਈ ਆ ਤੇ ਉਹਨਾਂ ਦੀ ਮਦਦ ਕਰਨੀ ਫਰਜ਼ ਬਣਦਾ ਆਪਣਾ। "

-ਮੋਬਾ: 9463445092

--------------------

## ਟੂਣਾ

### ਜਸਕਰਨ ਲੰਡੇ

ਦੋ ਨੌਜਵਾਨ ਅਰਸ਼ ਤੇ ਵਿਰਦੀ ਸਵੇਰੇ ਸਵੇਰੇ ਸੈਰ ਕਰਨ ਪਿੰਡੋਂ ਬਾਹਰ ਨਿਕਲ ਦੇ ਹਨ ਤਾਂ ਉਨ੍ਹਾਂ ਨੂੰ ਰਸਤੇ ਵਿੱਚ ਇੱਕ ਥਾਂ ਟੂਣਾ ਕੀਤਾ ਪਿਆ ਮਿਲਦਾ ਹੈ।

ਅਰਸ਼ ਟੂਣੇ ਕੋਲ ਜਾ ਰਿਹਾ ਹੁੰਦਾ ਹੈ।ਅਚਾਨਕ ਟੂਣਾ ਵਿਰਦੀ ਦੇ ਨਜ਼ਰੀ ਪੈਂਦਾ ਹੈ।

ਵਿਰਦੀ ਅਰਸ਼ ਦੀ ਬਾਹ ਫੜ ਆਪਣੇ ਵੱਲ ਖਿੱਚ ਕੇ ਘਬਰਾ ਕੇ, "ਓਏ ਬਾਈ ਟੂਣਾ।"

ਅਰਸ਼... ਟੂਣੇ ਵੱਲ ਦੇਖਕੇ, "ਆਹ,ਵਿਰਦੀ ਬਣਗੀ ਗੱਲ ਇਹਦੇ ਚ ਤਾਂ ਸਮਾਨ ਹੀ ਬੜ੍ਹਾ ਏ।"

ਵਿਰਦੀ .."ਵੀਰੇ ਇਹਦੇ ਨੇੜੇ ਨਾਂ ਜਾਹ ਇਹ ਬੜ੍ਹੀ ਖ਼ਤਰਨਾਕ ਚੀਜ਼ ਹੁੰਦੀ ਐ।"

ਅਰਸ਼..."ਕੁਝ ਨਹੀਂ ਹੁੰਦਾ ਇਹ।" ਇਹ ਆਖ ਉਹ ਟੂਣੇ ਚੋਂ ਸ਼ਰਾਬ ਦੀ ਬੋਤਲ , ਆਂਡੇ ਅਤੇ ਹੋਰ ਸੁਰਖੀ ਬਿੰਦੀ ਆਦਿ ਚੁੱਕ ਲੈਂਦਾ ਹੈ ਤੇ ਵਿਰਦੀ ਵੱਲ ਵਧਦਾ ਹੈ।

ਵਿਰਦੀ ਦਾ ਇਹ ਦੇਖ ਮੂਤ ਨਿੱਕਲ ਜਾਂਦਾ ਹੈ ਤੇ ਦੂਰ ਭੱਜਦਾ ਕਹਿੰਦਾ ਹੈ "ਬਾਈ, ਮੈਥੋਂ ਦੂਰ, ਮੈਥੋਂ ਦੂਰ।"

ਅਰਸ਼..ਦੂਰੋ ਹੀ ਕਹਿੰਦਾ ਐ,"ਇਹ ਸਮਾਨ ਨੇ ਨਾ ਹੱਟੀ ਵਾਲੇ ਨੂੰ ਕੁਝ ਕਿਹਾ ਜਿਸ ਤੋਂ ਇਹ ਖਰੀਦਿਆ ਗਿਆ। ਨਾ ਇਥੇ ਰੱਖਣ ਵਾਲੇ ਨੂੰ ਕੁਝ ਕਿਹਾ।ਨਾ ਮੈਨੂੰ ਇਥੋ ਚੁੱਕਣ ਵਾਲੇ ਨੂੰ ਕੁਝ ਕਹਿੰਦਾ ਹੈ ਤੇਰਾ ਐਵੇ ਮੂਤ ਕੱਢੀ ਜਾਂਦਾ ਐ। ਤੂੰ ਦਿਲ ਵੱਡਾ ਕਰ ਇਹ ਕੁਝ ਨਹੀਂ ਕਰ ਸਕਦਾ। ਬੋਤਲ ਉਪਰ ਉਠਾ ਕੇ ਇਹ ਬੋਤਲ ਮੈਂ ਸ਼ਾਮ ਨੂੰ ਪੀਣੀ ਐ ਤੇ ਆਹ ਸੁਰਖੀ ਬਿੰਦੀ ਤੇਰੀ ਭਰਜਾਈ ਨੇ ਲਾ ਲੈਣੀ ਐ। ਸਾਨੂੰ ਇਹਨੇ ਕੁਝ ਨਹੀਂ ਕਹਿਣਾ।"

ਵਿਰਦੀ.."ਤੂੰ ਝੁਠ ਬੋਲਦਾ ਐ ਤੂੰ ਇਹ ਪੀਣੀ ਨਹੀਂ ਤੇ ਨਾ ਹੀ ਭਾਬੀ ਨੇ ਸੁਰਖੀ ਬਿੰਦੀ ਲਾਉਣੀ ਐ।"

ਅਰਸ਼ .."ਵੀਰ ਲਾ ਸ਼ਰਤ ਤੇਰੇ ਸਹਾਮਣੇ ਪੀਵਾਂਗਾ ਤੇ ਤੇਰੀ ਭਾਬੀ ਸੁਰਖੀ ਬਿੰਦੀ ਲਾਵੇਗੀ।"

ਵਿਰਦੀ.."ਠੀਕ ਐ ਬਾਈ ਜੀ ਮਿਲਦੇ ਆ ਸ਼ਾਮ ਨੂੰ।"

ਸ਼ਾਮ ਨੂੰ ਵਿਰਦੀ ਆਉਦਾ ਐ ਤੇ ਅਰਸ਼ ਬੋਤਲ ਖੋਲ ਕੇ ਪੀਣ ਲੱਗਦਾ ਹੈ। ਉਹਦੀ ਪਤਨੀ ਉਹਦੇ ਸਹਾਮਣੇ ਇਹ ਸੁਰਖੀ ਬਿੰਦੀ ਲਾਉਦੀ ਐ।

ਵਿਰਦੀ ਭਾਬੀ ਜੀ,"ਇਹ ਟੂਣੇ ਵਾਲੀ ਸੁਰਖੀ ਬਿੰਦੀ ਐ

ਭਾਬੀ, ਹਾਂ ਵੀਰ ਜੀ ਮੈਨੂੰ ਪਤਾ ਐ।"

ਵਿਰਦੀ.."ਤੈਨੂੰ ਡਰ ਨਹੀਂ ਲੱਗਦਾ ?"

ਭਾਬੀ..."ਡਰ ਕਹਾਦਾ ਵੀਰ, ਇਹ ਆਪਣੇ ਸਮੇਂ ਦੀ ਬਹੁਤ ਵਧੀਆ ਕਾਢ ਸੀ। ਜਦੋਂ ਇਥੇ ਡਾਕਟਰ ਨਹੀਂ ਸੀ ਹੁੰਦੇ ਉਸ ਸਮੇਂ ਲੋਕਾਂ ਦਾ ਇਲਾਜ ਵੈਦ(ਜੋਗੀ) ਪਿੰਡ ਪਿੰਡ ਫਿਰ ਕੇ ਕਰਦੇ ਹੁੰਦੇ ਸੀ। ਵੈਦ ਜੋਗੀ ਨੂੰ ਇਸ ਟੂਣੇ ਰਾਹੀ ਸੁਨੇਹਾ ਦਿੱਤਾ ਜਾਂਦਾ ਸੀ ਕਿ ਇਸ ਪਿੰਡ ਕੋਈ ਮਰੀਜ ਹੈ। ਇਹ ਟੂਣਾ ਬੋਲਦਾ ਵੀ ਸੀ।"

ਵਿਰਦੀ .."ਸੱਚੀ ਭਾਬੀ! ਇਹ ਬੋਲਦਾ ਕਿਵੇ ਸੀ ?"

ਭਾਬੀ.."ਜੇ ਕਿਸੇ ਦਾ ਸਿਰ ਦੁਖਦਾ ਹੁੰਦਾ ਤਾਂ ਉਹ ਚੁਰਾਸਤੇ ਵਿੱਚ ਆਪਣੇ ਘਰ ਵਾਲੇ ਪਾਸੇ ਲਾਲੇਰ ਲਾਲ ਕੱਪੜੇ ਵਿੱਚ ਬੰਨਕੇ ਰੱਖਦਾ ਸੀ। ਜੇ ਢਿੱਡ ਦੁਖਦਾ ਤਾਂ ਸੱਤਨਾਜਾ ਰੱਖਦਾ ਸੀ, ਜੇ ਮਰੀਜ ਨਵ ਵਿਆਹੀ ਔਰਤ ਹੁੰਦੀ ਸੀ ਤਾਂ ਟੂਣੇ ਵਿੱਚ ਸੁਰਖੀ ਬਿੰਦੀ ਵੰਗਾ ਆਦਿ ਰੱਖਦੇ ਸੀ। ਇਹ ਸਾਰਾ ਸਮਾਨ ਦੇਖਕੇ ਵੈਦ(ਜੋਗੀ) ਮਰੀਜ ਤੱਕ ਪਹੁੰਚ ਜਾਂਦਾ ਸੀ।ਇਹ ਇਸ ਤਰ੍ਹਾਂ ਬੋਲਦਾ ਸੀ। ਹਾਂ ਇਹਦੇ ਵਿੱਚ ਭੂਤ ਪ੍ਰੇਤ ਤਾਂ ਕਿਹਾ ਗਿਆ ਸੀ ਕਿ ਵੈਦ(ਜੋਗੀ) ਤੋਂ ਬਿਨਾਂ ਕੋਈ ਹੋਰ ਨਾ ਚੁੱਕੇ।"

ਵਿਰਦੀ ....."ਸੱਚੀ ਭਾਬੀ ਇਹ ਤਾਂ ਗੱਲ ਮੇਰੇ ਦਿਲ ਲੱਗ ਗਈ। ਲਿਆ ਓਏ ਅਰਸ਼ ਮੈਨੂੰ ਵੀ ਲਵਾ ਪੈੱਗ ਹੁਣ ਨਹੀਂ ਡਰਦਾ ਮੈ ਟੂਣੇ ਤੋਂ। ਇਹ ਆਖ ਵਿਰਦੀ ਸ਼ਰਾਬ ਦੀ ਬੋਤਲ ਚੁੱਕ ਪੈੱਗ ਪਾਉਣ ਲੱਗਦਾ ਹੈ।"

-ਫੋਨ : 94171-03413

--------------------

## ਕਰਵਾ ਚੌਥ

### ਬੀ.ਡੀ. ਸ਼ਰਮਾ

ਗੱਲ ਕਾਫੀ ਪੁਰਾਣੀ ਹੈ। ਮੇਰੀ ਘਰਵਾਲੀ ਸੁਬ੍ਹਾ ਜਲਦੀ ਉਠ ਕੇ ਰਸੋਈ ਵਿਚ ਕੰਮ ਕਰ ਰਹੀ ਸੀ।ਯਾਦ ਆਇਆ ਕਿ ਅੱਜ ਕਰਵਾ ਚੌਥ ਹੈ ਅਤੇ ਉਹ ਸਰਘੀ ਖਾਣ ਦਾ ਬੰਦੋਬਸਤ ਕਰ ਰਹੀ ਸੀ। ਕੁਝ ਦੇਰ ਵਿਚ ਚਾਹ ਬਣਾਕੇ ਨਾਲ ਚੂਰੀ ਲੈਕੇ ਉਹ ਕਮਰੇ 'ਚ ਆਈ।ਮੈਨੂੰ ਪੁੱਛਣ ਲੱਗੀ " ਚਾਹ ਲੈ ਲੋਂਗੇ ? ਮੈਂ ਹਾਂ ਕਿਹਾ।ਖਾ ਪੀ ਕੇ ਇਕ ਵਾਰ ਫਿਰ ਸੌਂ ਗਏ। ਸੁਬ੍ਹਾ ਉੱਠ ਕੇ ਤਿਆਰ ਹੋਕੇ ਆਪੋ ਆਪਣੇ ਕੰਮਾ 'ਤੇ ਚਲੇ ਗਏ। ਸ਼ਾਮ ਨੂੰ ਚੰਦ ਵੇਖਕੇ ਰੋਟੀ ਖਾਕੇ ਉਸਨੇ ਵਰਤ ਪੂਰਾ ਕੀਤਾ।ਰੋਟੀ ਖਾਣ ਤੋਂ ਬਾਅਦ ਮੈ ਕਿਹਾ"ਮੈਂ ਕਈ ਵਾਰ ਤੈਨੂੰ ਕਿਹਾ ਹੈ ਕਿ ਛੱਡ ਇਹ ਵਰਤ ਵੂਰਤ, ਇਨ੍ਹਾਂ ਨਾਲ ਨੀ ਉਮਰਾਂ ਵਧਦੀਆਂ ਹੁੰਦੀਆਂ" ਉਹ ਕਹਿੰਦੀ" ਯਕੀਨ ਹੈ ਆਪੋ ਆਪਣਾ ਨਾਲੇ ਰੀਤ ਹੈ ਧੁਰੋਂ ਚੱਲੀ ਆਉਂਦੀ" ਅਸੀਂ ਗੱਲਾਂ ਕਰਦੇ -ਕਰਦੇ ਸੌਣ ਦੀ ਤਿਆਰੀ ਕਰਨ ਲੱਗੇ।ਅਚਾਨਕ ਦਰਵਾਜ਼ਾ ਖੜਕਿਆ ,ਉੱਠ ਕੇ ਦੇਖਿਆ ਸਾਡਾ ਗੁਆਂਢੀ ਖੜਾ ਸੀ। ਉਦਾਸ ਜਿਹੇ ਲਹਿਜ਼ੇ 'ਚ ਕਹਿਣ ਲੱਗਿਆ" ਖ਼ਬਰ ਤਾਂ ਮਾੜੀ ਹੈ, ਥੋਡੇ ਪਿੰਡ ਵਾਲੇ ਸੁੱਖੀ ਦਾ ਐਕਸੀਡੈਂਟ ਹੋ ਗਿਆ, ਹਸਪਤਾਲ 'ਚ ਹੈ" ।ਮੈਂ ਇਕ ਦਮ ਕਪੜੇ ਬਦਲ ਕੇ ਕਾਹਲੀ ਕਾਹਲੀ ਹਸਪਤਾਲ ਪਹੁੰਚਿਆ ਦੇਖਿਆ ਸਟ੍ਰੇਚਰ 'ਤੇ ਸੁੱਖੀ ਨਹੀਂ ਉਸਦੀ ਲਾਸ਼ ਪਈ ਸੀ। ਆਸੇ ਪਾਸੇ ਸਾਰੇ ਘਰ ਦੇ ਹਾਲੋਂ ਬੇਹਾਲ ਹੋਏ ਖੜੇ ਸੀ।

ਉਸ ਦੀ ਪਤਨੀ ਪੱਥਰ ਹੋਈ ਬੈਠੀ ਸੀ।ਨਾ ਮੂੰਹ 'ਚੋਂ ਬੋਲ ਨਾ ਅੱਖੋਂ ਪਾਣੀ ਨਿਕਲ ਰਿਹਾ ਸੀ। ਸਾਰੇ ਉਸਨੂੰ ਧੀਰਜ ਦੇਣ ਦਾ ਯਤਨ ਕਰ ਰਹੇ ਸਨ। ਇਕ ਦਮ ਮੇਰੇ ਦਿਮਾਗ 'ਚ ਖਿਆਲ ਆਇਆ ਕਿ "ਕਰਵਾ ਚੌਥ ਦਾ ਵਰਤ ਤਾਂ ਇਸ ਨੇ ਵੀ ਰੱਖਿਆ ਸੀ" ।

-ਮੋਬਾ : 9501115015

--------------------

## ਨਹਿਰ ਵਗਦੀ ਰਹੀ, ਕਣਕ ਸੜਦੀ ਰਹੀ

### ਵਿਜੇ ਕੁਮਾਰ 'ਤਾਲਿਬ'

"ਨਹਿਰ ਵਗਦੀ ਰਹੀ, ਕਣਕ ਸੜ੍ਹਦੀ ਰਹੀ।"

ਨੌਜਵਾਨ ਨੇ ਬਜ਼ੁਰਗ ਦੀ ਇਹ ਗੱਲ ਗੰਭੀਰਤਾ ਨਾਲ ਨਹੀਂ ਲਈ।

ਨੌਜਵਾਨ ਕਹਿੰਦਾ, "ਸਾਨੂੰ ਰੋਜ਼ਗਾਰ ਨਹੀਂ ਮਿਲਦਾ, ਕਿਸਾਨਾਂ ਤੇ ਮਜ਼ਦੂਰਾਂ ਦਾ ਛੋਟਾ-ਛੋਟਾ ਕਰਜ਼ਾ ਵੀ ਨਹੀਂ ਲਹਿੰਦਾ, ਸਵੇਰ ਤੋਂ ਸ਼ਾਮ ਤੱਕ ਦਿਨ ਨਹੀਂ ਬੀਤਦਾ।"

ਬਜ਼ੁਰਗ ਫਿਰ ਕਹਿੰਦਾ, "ਨਹਿਰ ਵਗਦੀ ਰਹੀ, ਕਣਕ ਸੜ੍ਹਦੀ ਰਹੀ।"

ਨੌਜਵਾਨ ਸੁਣ ਕੇ ਚਲਾ ਗਿਆ।

ਸਵੇਰੇ-ਸਵੇਰੇ ਨੌਜਵਾਨ ਬਜ਼ੁਰਗ ਨੂੰ ਟੱਕਰ ਗਿਆ, ਕਹਿੰਦਾ, "ਸਾਡੇ ਦੇਸ਼ ਕੋਲ ਪੈਸਾ ਬਹੁਤ ਐ, ਬਸ ਗ਼ਰੀਬਾਂ ਕੋਲ ਨਹੀਂ! ਮੇਰੀਆਂ ਦੋ ਵੱਡੀਆਂ ਭੈਣਾਂ ਦੇ ਵਿਆਹਵਾਂ ਦੀ ਚਿੰਤਾ ਏ, ਦਾਜ਼ ਦੀ ਚਿੰਤਾ ਏ, ਬਿਨਾਂ ਨਸ਼ੇ ਪੱਤੇ ਵਾਲੇ ਮੁੰਡੇ ਤੇ ਚੰਗੇ ਰਿਸ਼ਤੇ ਕਿਸਮਤ ਨਾਲ ਹੀ ਮਿਲਦੇ ਨੇ ਬਾਬਿਓ!"

ਬਜ਼ੁਰਗ ਫਿਰ ਓਹੋ ਗੱਲ ਕਹਿੰਦਾ, "ਨਹਿਰ ਵਗਦੀ ਰਹੀ, ਕਣਕ ਸੜ੍ਹਦੀ ਰਹੀ।"

ਮਾਯੂਸ ਹੋ ਕੇ ਨੌਜਵਾਨ ਕਾਹਲੀ-ਕਾਹਲੀ ਪੈਰ੍ਹ ਪੁੱਟਦਾ ਹੋਇਆ ਅੱਗੇ ਨਿਕਲ ਗਿਆ।

ਹਫ਼ਤੇ-ਕੁ ਬਾਅਦ ਪਿੱਪਲ ਥੱਲੇ ਬਜ਼ੁਰਗ ਨੇ ਨੌਜਵਾਨ ਨੂੰ ਕਿਹਾ, "ਆਜਾ, ਛਾਂ ਲੈ ਲਾ!"

ਨੌਜਵਾਨ ਕਹਿੰਦਾ, "ਮੇਰਾ ਪਿਓ ਨਿੱਕੇ ਹੁੰਦਿਆਂ ਹੀ ਮਰ ਗਿਆ ਸੀ, ਮਾਂ ਨੇ ਲੋਕਾਂ ਦੇ ਭਾਂਡੇ ਮਾਂਜਕੇ, ਸਿੱਟੇ ਚੁਗਕੇ, ਲੋਕਾਂ ਦੀਆਂ ਰੋਟੀਆਂ ਪਕਾ ਕੇ ਪਾਲਿਆ; ਘਰ ਵੀ ਤੇ ਬਾਹਰ ਵੀ ਕੁਝ ਦਿਸਦਾ ਨਹੀਂ!"

ਬਜ਼ੁਰਗ ਨੇ ਇਕ ਵਾਰੀ ਫਿਰ ਓਹੀ ਗੱਲ ਦੁਹਰਾਈ, "ਨਹਿਰ ਵਗਦੀ ਰਹੀ, ਕਣਕ ਸੜ੍ਹਦੀ ਰਹੀ।"

ਨੌਜਵਾਨ ਕਾਹਲਾ ਪੈ ਗਿਆ ਤੇ ਪੁੱਛਿਆ, "ਆਖਿਰ ਇਸਦਾ ਮਤਲਬ ਕੀ ਹੋਇਆ ?"

ਬਜ਼ੁਰਗ ਕਹਿੰਦਾ, "ਕਾਕਾ, ਇਸ ਮੁਲਕ ਨੂੰ ਅੱਗ ਲੱਗੀ ਹੋਈ ਏ, ਜਿਵੇਂ ਕਣਕ ਨੂੰ ਅੱਗ ਲਗਦੀ ਏ! ਅੱਗ ਬੁਝਾਉਣ ਵਾਲੇ ਵੀ ਹੈ ਨੇ, ਨਹਿਰ ਵੀ ਵਿਚੋਂ ਦੀ ਵਗਦੀ ਪਈ ਏ! ਪਰ ਨਹਿਰ ਅਪਣੇ ਆਪ ਤਾਂ ਨਹੀਂ ਕਿਨਾਰੇ ਤੋੜ ਕੇ ਕਣਕ ਨੂੰ ਲੱਗੀ ਅੱਗ ਬੁਝਾ ਸਕਦੀ। ਹੁਣ ਲੋੜ ਹੈ, ਮੋਟੇ ਕਿਨਾਰੇ ਤੋੜਨ ਦੀ ਤੇ ਅੱਗ 'ਚ ਝੁਲਸਦੇ ਛੋਟੇ ਬੂਟੇ, ਆਲ੍ਹਣੇ, ਜੀਵ-ਜੰਤੂ ਬਚਾਉਣ ਦੀ, ਲੋੜ ਹੈ ਪਾਣੀ ਛੱਡਣ ਦੀ, ਲੋੜ ਹੈ ਪਾਣੀ ਛੱਡਣ ਦੀ!"

-ਮੋਬਾ: 94177-36610

# ਛਿੰਦਰ ਕੌਰ ਦੀ ਕਲਮ ਤੋਂ ...



## 1. ਫ਼ਰਕ

ਖੁਦਾ ਨਾ ਖਾਸਤਾ ਜੇ ਮੈਂ ਵੀ
ਤੇਰੀਆਂ ਲੀਹਾਂ'ਤੇ ਚੱਲ ਪਵਾਂ
ਤੇਰੀ ਤੇ ਮੇਰੀ ਅਵਾਰਗੀ ਵਿੱਚ
ਇਕ ਫਰਕ ਤੇ ਜ਼ਰੂਰ ਰਵ੍ਹੇਗਾ
ਜੋ ਸ਼ਿਕਾਰ ਕਰਨ ਅਤੇ
ਸ਼ਿਕਾਰ ਹੋਣ ਵਿੱਚ ਹੁੰਦਾ ਹੈ!

****

## 2 ਯਾਦਾਂ ਦੀਆਂ ਦੇਗਾਂ

ਫਲ ਪੱਕਣ ਦੀ ਰੁੱਤੇ ਪੰਛੀ ਬਾਗਾਂ ਵਿਚ ਅਕਸਰ
ਵੱਖ -ਵੱਖ ਦਿਸ਼ਾਵਾਂ ਤੋਂ ਆਇਆ ਕਰਨਗੇ
ਅਚਾਨਕ ਮਿਲਣਗੇ, ਇੱਕੋ ਟਾਹਣੀਏ ਬਹਿਣਗੇ
ਮਿੱਠੇ ਰਸੇ ਫਲਾਂ ਤੇ ਚੁੰਝਾਂ ਦੇ ਨਿਸ਼ਾਨ ਛੱਡ
ਜਾਇਆ ਕਰਨਗੇ
ਹਿਰਦੇ ਨਾਲ ਮੇਲ ਖਾਂਦੀਆਂ ਭਾਵਨਾਵਾਂ
ਸਾਂਝੀਆਂ ਕਰਕੇ
ਰਲ ਪ੍ਰੇਮ ਗੀਤ ਗਾ ਕੇ ਵਿਛੜ ਜਾਇਆ
ਕਰਨਗੇ
ਇੱਕ ਦੂਜੇ ਦੀਆਂ ਛੋਹਾਂ ਨਾਲ ਸੰਧਲ ਬਨਣ
ਵਾਲੇ
ਇੱਕ ਦੂਜੇ ਬਿਨਾਂ ਜੰਗਲ ਹੋ ਜਾਇਆ ਕਰਨਗੇ
ਇਸ਼ਕ ਹਿਜਰ ਤੋਂ ਵੱਡਾ ਕੋਈ ਹੋਰ ਦਾਨੀ ਨਹੀਂ
ਯਾਦਾਂ ਦੀਆਂ ਦੇਗਾਂ ਹੱਥਾਂ 'ਤੇ ਧਰ ਜਾਇਆ
ਕਰਨਗੇ
ਹੌਕੇ, ਗ਼ਮ,ਪੀੜਾਂ,ਵੇਦਨਾਂ,ਅੱਥਰੂ ਤੇ ਅੱਥਰੀ
ਦੁਨੀਆਂ
ਕਿੰਨਾ ਕੁਛ ਕੱਲਮ ਕੱਲੇ ਝੱਲ ਜਾਇਆ ਕਰਨਗੇ
ਮੰਨਤਾਂ ਦੇ ਧਾਗੇ ਬੰਨ੍ਹਣ ਲਈ ਤੇ ਮੁਰਾਦਾਂ ਪੂਰੀਆਂ
ਕਰਨ ਲਈ
ਪਿੱਪਲ,ਬੋੜ੍ਹ ਤੇ ਕਦੇ ਟੁੱਟਦੇ ਤਾਰੇ ਬਣ ਜਾਇਆ
ਕਰਨਗੇ
ਪ੍ਰਦੇਸੀ ਪ੍ਰਦੇਸੀਆਂ ਵਾਲੀ ਕਰ ਵਿਖਾਉਣਗੇ
ਕੌਲ-ਕਰਾਰ ਭੁੱਲਕੇ ਪਰਤਣਾਂ ਭੁੱਲ ਜਾਇਆ
ਕਰਨਗੇ

****

## 3

ਬੀਤੇ ਵੇਲਿਆਂ ਦਾ ਖ਼ਵਾਬ.
ਉਦੋਂ ਨਾ ਆਇਉਂ ਲੈਕੇ ਗੁਲਾਬ
ਜਦੋਂ ਗੁਲਾਬ ਸਾਂ
ਤੇਰੀ ਤਸਵੀਰ ਨੂੰ
ਤੇਰੇ ਨਾਲੋਂ ਵੱਧ
ਨਿਹਾਰਦੀ
ਜ਼ਿੰਦਗੀ ਦੇ ਜਸ਼ਨ 'ਚ
ਡੁੱਬਿਆ ਸ਼ਬਾਬ ਸਾਂ।
ਦੋ ਰੁੱਤਾਂ ਦੇ ਰੂਪ ਦਾ ਮੇਲ ਸੀ ਚਿਹਰਾ
ਨਿਰਾ ਪੂਰਾ ਨੂਰ ਦਾ
ਸ਼ਹਿਰ ਸੀ ਚਿਹਰਾ।
ਤੇਰੇ ਇੱਕੋ ਰੰਗ ਰੰਗੀ
ਰੰਗਲੀ
ਸੀ ਜ਼ਿੰਦਗੀ।
ਹੁਣ ਚਿਹਰਾ ਬੁੱਝਿਆ
ਤੇ ਨਹੀਂ ਪਰ ਮਘ੍ਹਦਾ
ਵੀ ਨਹੀਂ।
ਇਸ਼ਕ ਜਨੂੰਨੀ ਸੀ
ਹਿਜਰ ਨਸੀਬੀਂ ਸੀ
ਨਾ ਤੂੰ ਮਿਲਿਉਂ
ਨਾ ਭੁੱਲਿਉਂ
ਨਾ ਖ਼ਿਆਲੋਂ
ਹੀਂ ਨਿਕਲਿਉਂ।
ਕਿੰਨੀਆਂ ਚੀਜ਼ਾਂ ਬਿਨਾਂ ਹੀ
ਗੁਜ਼ਾਰਾ ਕਰ ਲਿਆ
ਤੇਰੇ ਵੀ ਚੇਤਿਆਂ ਵਿੱਚ
ਤੇ ਹੋਵੇਗਾ ਕਿ
ਬੀਤੇ ਵੇਲਿਆਂ ਦਾ ਖ਼ਵਾਬ ਸਾਂ
ਉਦੋਂ ਨਾ ਆਇਉਂ ਲੈ ਕੇ ਗੁਲਾਬ
ਜਦੋਂ ਗੁਲਾਬ ਸਾਂ।

****

## 4 ਇਬਾਦਤਾਂ

ਵਿਖਾਵੇ ਦੀਆਂ ਇਬਾਦਤਾਂ
ਨਾ ਹੋਈਆਂ।
ਸਾਥੋਂ ਸਿਆਸਤਾਂ
ਨਾ ਹੋਈਆਂ।
ਮੁੱਢਲੇ ਦਿਨਾਂ ਦੇ ਨਤੀਜੇ ਨੇ
ਇਹ ਜੋ ਵਿਛੋੜੇ ਨਾਲ
ਮੁਲਾਕਾਤਾਂ ਹੋਈਆਂ।
ਇਕ ਵਾਰ ਦੇ ਦੀਦਾਰ ਨਾਲ
ਕਈ ਕਈ ਡੰਗ ਟਪਾਏ
ਬਹੁਤੇ ਵਕਤ ਅਸਾਂ
ਖਿਆਲਾਂ 'ਚ ਲੰਘਾਏ।
ਉਹਦੀ ਸਾਧਨਾ ਤੋਂ ਬਿਨਾਂ
ਹੋਰ ਕੋਈ ਨਾ ਉੱਚਾਰਨ ਆਏ।
ਇਸ਼ਕ ਜ਼ਖਮਾਂ ਚੋਂ ਜ਼ਖ਼ਮ
ਉਤੋਂ ਨਮਕ।
ਸਭ ਤੋਂ ਵੱਧ ਗਾਹਿਆ ਗਿਆ
ਇਹ ਰਾਹ।
ਸਾਥੋਂ ਵੀ ਪੈੜਾਂ ਨੱਪੀਆਂ ਗਈਆਂ।
ਇਹ ਉਹ ਅੱਗ ਜੋ ਜਿਸਮ
ਹੀ ਨਹੀਂ ਸਾਇਆ ਵੀ ਸਾੜ ਘੱਤੇ।
ਭਲਾ ਹੁੰਦਾ ਜੇ ਸ਼ੁਰੂਆਤੀ ਦਿਨਾਂ ਚ
ਕੋਈ ਸਮਝਾਅ ਜਾਂਦਾ।

## 5. ਰੱਬ

ਕਿਸੇ ਮੁਬਾਰਕ ਦਿਨ ਦੀ
ਆਮਦ ਵਰਗਾ।
ਬਿਨਾਂ ਈਦੋਂ
ਹੋਈ ਦੀਦ ਵਰਗਾ।
ਜਿੱਥੇ ਝੁਕਣਾ ਸੀ
ਝੁਕ ਗਏ।
ਇਸ਼ਕ ਜਿਹਦੇ ਤੋਂ
ਸਿੱਖਿਆ ਸੀ
ਉਸੇ ਨਾਲ ਕਰ ਗਏ।
ਇੱਕ ਪਰਿੰਦੇ ਨਾਲ
ਰਾਬਤਾ ਜੋ ਹੋਇਆ।
ਅਸੀਂ ਪਰਵਾਜ਼
ਭਰ ਗਏ।
ਪਹਿਲਾਂ ਪਿੰਜਰੇ ਚੋਂ
ਕੱਢਿਆ ਸਾਨੂੰ
ਤੇ ਆਪ ਦਿਲ ਚੋਂ
ਪਿੰਜਰਾ ਕੱਢਣਾ
ਭੁੱਲ ਗਏ।
ਰੱਬ ਕਰੇ ਉਹ ਰੱਬ ਵੀ
ਕਿਸੇ ਇੱਕ ਦਾ ਹੋਵੇ।
ਜਿਹਨੂੰ ਅਸੀਂ ਆਪਣਾ
ਰੱਬ ਕਰ ਗਏ।

## 6. ਇੱਜੜ

ਤਨ ਮਨ ਤੇ ਰੂਹ
ਦਾ ਇਜੜ।
ਮਾਰੂਥਲ ਦੀਆਂ
ਬਰੂਹਾਂ 'ਤੇ ਪਿਆਸਾ।
ਤੂੰ ਆਜੜੀ
ਬਣ ਆਵੀਂ।
ਇੱਕ ਸਰਵਰ
ਨਾਲ ਲਿਆਵੀਂ।
ਸਾਡੀ ਪਿਆਸ ਦੇ ਤੁੱਲ
ਕੁਛ ਇਸ ਤਰ੍ਹਾਂ ਪਾਈਂ
ਸਾਡੀਆਂ ਪਾਕ
ਇਬਾਦਤਾਂ ਦੇ ਮੁੱਲ।

-ਮੋਬਾ: 94679-10187

****

# ਸਿਰਜਣਾ ਦੇ ਰੰਗ

## ਬਾਪੂ ਹੁਣ ਚੁੱਪ ਨਹੀਂ

### ਅਰਵਿੰਦਰ ਕੌਰ ਕਾਕੜਾ

ਟੀ.ਵੀ ਔਨ ਹੈ
ਆਰਡੀਨੈਂਸਾਂ ਦਾ ਨਾਚ ਹੈ
ਭਰਮਾਊ ਸੀਨ ਹੈ
ਮਸਲਾ ਬੜਾ ਮਹੀਨ ਹੈ
ਖੁਸ਼ਹਾਲੀ ਦਾ ਨਾਅਰਾ
ਇੱਕ ਰਾਸ਼ਟਰ ਇੱਕ ਮੰਡੀ
ਮਨ ਕੀ ਬਾਤ ਹੈ।
ਏਹ ਕਹੀ ਰਾਤ ਹੈ।
ਪਾਖੰਡ ਤੋਂ ਖ਼ਫ਼ਾ....
ਬਾਪੂ ਟੀ.ਵੀ ਬੰਦ ਕਰਦੈ
ਵਿਹੜੇ 'ਚ ਮੰਜੀ 'ਤੇ ਲੇਟਦਾ
ਬੋਦੀ ਵਾਲਾ ਤਾਰਾ ਤੱਕਦੈ
ਸੁੰਗੜ ਕੇ ਰਹਿ ਜਾਂਦਾ
ਪੰਜ ਆਬ ਦਾ ਵਹਿਣ।
ਇੱਕ ਰੰਗੀ ਵਾਛੜ
ਛੱਪਰ 'ਤੇ ਪੈਂਦੀ
ਬੜਾ ਕੁਝ ਜਾਗਦਾ
ਬਾਪੂ ਦੀ ਚੁੱਪ ਵਿੱਚ
ਸਾਵੇ ਪੱਤਰ ਵਿਲਕਦੇ
ਚੇਤੇ ਆਉਂਦੈ
ਧੀਆਂ ਦੀ ਡੋਲੀ ਨਾਲ
ਰੁੜ ਗਿਆ....
ਪਿੱਪਲ ਵਾਲਾ ਖੂਹ
ਉਹਦਾ ਦਾਅਵੇਦਾਰ
ਲੰਬੜਾਂ ਦਾ ਮੁੰਡਾ
ਮੁੱਛਾਂ ਕੁੰਡੀਆਂ ਕਰਕੇ
ਨਸ਼ੇ ਦੀ ਲੋਰ 'ਚ ਰੋਜ਼
ਚੌਂਕ ਵਿੱਚ ਚਿੰਗਾੜੇ ਮਾਰਦਾ
ਬਾਪੂ ਬਿਖਰੀ ਦਾਹੜੀ 'ਤੇ
ਹੱਥ ਫੇਰਦਾ.......
ਉਂਗਲਾਂ 'ਚ ਫ਼ਸੇ ਟੁੱਟੇ ਵਾਲ ਗਿਣਦਾ
ਜੋ ਸੁਪਨੇ ਵਾਂਗ ਕਿਰੇ
ਫ਼ਸਲ ਅੰਦਰ ਸੁੱਤੇ ਰਹਿ ਗਏ
ਜ਼ਲੀਲ ਹੋਏ ਬਾਪੂ ਦੇ ਦਸਤਖਤ
ਵੀਹੀ ਖਾਤੇ 'ਚ ਬੋਲਦੇ
ਜੋ ਲੋਹੇ ਦੀ ਖਰੀਦ 'ਚ
ਬੈਂਕ ਦੀਆਂ ਕਿਸ਼ਤਾਂ ਅੰਦਰ
ਦੱਬੇ ਗਏ..ਆਖਰ
ਕਰ ਆਇਆ
ਟੋਭੇ ਵਾਲੇ ਖੇਤ ਦਾ ਸੌਦਾ
ਰੁੱਖ ਦਾ ਹੁਬਕੀ ਹੁਬਕੀ ਰੋਣਾ
ਫ਼ਾਸੀ ਨਾਲ ਲਟਕੇ
ਖੇਤਾਂ ਦੇ ਪੁੱਤ ਵੇਖ
ਉਹਦੀ ਰੂਹ ਵੱਟਾਂ 'ਤੇ
ਭਾਰਤ ਦੇ ਵੈਣ ਪਾਉਂਦੀ
ਅੱਜ ਖੇਤੀ ਐਲਾਨਾਂ ਅੱਗੇ
ਕਾਲੇ ਫ਼ੁਰਮਾਨਾਂ ਅੱਗੇ
ਬਾਪੂ ਬੋਲ ਪਿਆ
ਹੁਣ ਨਹੀਂ ਮੰਨਜੂਰ
ਮਾਂ ਦੀ ਨਿਲਾਮੀ
ਜ਼ਮੀਨ ਜੱਟ ਦੀ ਮਾਂ ਹੁੰਦੀ ਹੈ
ਜੀਵਨ ਲਈ ਠੰਡੜੀ ਛਾਂ ਹੁੰਦੀ ਹੈ
ਬਾਪੂ ਦੀ ਡੰਗੋਰੀ
ਹਵਾ 'ਚ ਲਹਿਰਾਈ
ਜਾਗਦੇ ਮੱਥੇ ਦੀ ਲੋਅ ਨੇ
ਪੁੱਤ ਦੇ ਕਦਮੀ ਸ਼ਰਨ ਲਈ
ਹੁਣ ਉਹ ਮੱਕੜਜਾਲ ਤੋੜਣ ਲਈ
ਮੰਜੇ 'ਤੇ ਨਹੀਂ
ਜੂਝਣਾ ਲੋਚ ਰਿਹੈ
ਮੈਦਾਨ ਵੱਲ ਜਾਣਾ ਸੋਚ ਰਿਹੈ
ਬਾਪੂ ਹੁਣ ਚੁੱਪ ਨਹੀਂ
ਅਵਾਜ਼ ਹੈ .....

## ਭਾਈਆਂ 'ਚ ਵਿਸ਼ਵਾਸ

### ਅਰਸ਼ ਸਿੱਧੂ

ਭਾਈਆਂ ਵਿੱਚ ਵਿਸ਼ਵਾਸ ਹੁੰਦਾ ਸੀ,
ਰੂਹ ਦਾ ਰਿਸ਼ਤਾ ਖਾਸ ਹੁੰਦਾ ਸੀ,
ਨੈੱਟ ਉੱਤੇ ਇੱਕ ਦਾਸ ਹੁੰਦਾ ਸੀ,
ਅੱਜਕੱਲ ਕਿਤੇ ਵੀ ਲੱਭਦਾ ਨਾਂ ??

ਕੌਮਾਂ ਦੇ ਵਿੱਚ ਰੋਹ ਸੀ ਹੁੰਦਾ,
ਮਾਵਾਂ ਦੇ ਨਾਲ ਮੋਹ ਸੀ ਹੁੰਦਾ,
ਕੌਲੀ ਦੇ ਵਿੱਚ ਘਿਓ ਸੀ ਹੁੰਦਾ,
ਅੱਜਕੱਲ ਕਿਤੇ ਵੀ ਲੱਭਦਾ ਨਾਂ ??

ਆਟੇ ਵਿੱਚ ਲੱਜ਼ਤ ਗੁੰਨੀ ਸੀ,
ਤੇ ਧੀਆਂ ਦੇ ਸਿਰ ਚੁੰਨੀ ਸੀ,
ਨਾਂ ਲੜਦੇ ਪਾਪੀ ਪੁੰਨੀ ਸੀ,
ਇਹ ਗੱਲ ਹੈ ਟੈਮ ਪੁਰਾਣੇ ਸੀ ??

ਓਦੋਂ ਰੰਗ ਖ਼ੂਨ ਦੇ ਸੂਹੇ ਸੀ,
ਹਰ ਇੱਕ ਲਈ ਖੁੱਲ੍ਹਦੇ ਬੂਹੇ ਸੀ,
ਨਾਂ ਬਹੁਤੇ ਲੋਕ ਦਮੂੰਹੇ ਸੀ,
ਇਹ ਗੱਲ ਹੈ ਟੈਮ ਪੁਰਾਣੇ ਸੀ ??

-ਮੋਬਾ: 9464215070

****

## ਲੁੱਟ

### ਰਮਨ ਮਾਨ ਕਾਲੇਕੇ

ਇਹ ਸਭ ਮੌਜ ਫ਼ਕੀਰਾ ਤੇਰੀ ਏ , ਕੁੱਝ ਰਾਜੇ ਭੋਜ ਹੰਕਾਰੀ ਏ।

ਕੁਝ ਅਨਪੜ੍ਹਤਾ ਦਾ ਕਾਰਨ ਏ, ਕੁਝ ਸਿਆਸਤ ਪੈ ਗਈ ਭਾਰੀ ਏ।

ਮੇਰੀ ਕੌਮ ਪਈ ਗੁਲਾਮ ਹੋਈ , ਵੱਸ ਪੈ ਗਈ ਲਾਲਚ ਦੇ ਸਾਰੀ ਏ।

ਡਿਗਰੀਆਂ ਰੁਲਣ ਵਿਦੇਸ਼ਾਂ ਵਿੱਚ, ਰੁਜ਼ਗਾਰ ਦੀ ਭਾਲ ਵੀ ਜਾਰੀ ਏ।

ਇੱਥੇ ਖਾਂਦੇ ਰੇਤਾ ਬੱਜ਼ਰੀ ਵੀ, ਸੱਚ ਦੇ ਸਿਰ ਉੱਤੇ ਚੱਲਦੀ ਆਰੀ ਏ।

ਹਰ ਪਾਸੇ ਸੇਵਾ ਦੇ ਨਾਂ ਉੱਤੇ, ਲੁੱਟੀ ਜਾਂਦੀ ਹਰ ਨਰ ਨਾਰੀ ਏ।

ਅਸੀਂ ਤੰਗੀ ਹੱਥੋਂ ਮਰ ਜਾਣਾ, ਜਿਦਾਂ ਮਰਦੀ ਖਲਕਤ ਵਿਚਾਰੀ ਏ

ਜਾਪੇ ਲੁੱਟਣ ਹੀ ਸਭ ਆਉਂਦੇ ਨੇ , ਲੁੱਟ ਐਨੀ ਕਿਉਂ ਸਤਿਕਾਰੀ ਏ।

ਕੁੱਝ ਦੁਨੀਆਂ ਹੈ ਅਨਭੋਲ ਜਿਹੀ , ਕੁਝ ਚੁਸਤ ਚਲਾਕ ਚਕਾਰੀ ਏ।

ਮਾਨਾਂ ਮਤਲਬ ਕੱਢਦੇ ਦੇਖੇ ਸਭ, ਤੇ ਲੱਭ ਤੇਰਾ ਕੌਣ ਸ਼ਿਕਾਰੀ ਏ।

-ਮੋਬਾ: ×9592778809

****

## ਗਜ਼ਲ

### ਭਗਤ ਨਰਾਇਣ

ਬੰਦ ਨਹੀਂ ਹਾਂ ਇਕ ਖੁਲ੍ਹੀ ਕਿਤਾਬ ਹਾਂ
ਦਿਲ ਖ਼ੂਬਸੂਰਤ ਹੈ ਬੰਦ ਨਹੀਂ ਹਿਜ਼ਾਬ ਹਾਂ

ਖਾਲ੍ਹੀ ਪੇਟ ਰੋ-ਰੋ ਕੇ ਜੋ ਰਾਤ ਨੂੰ ਸਓਂ ਗਏ,
ਉਹਨਾਂ ਦੀਆਂ ਅੱਖੀਆਂ ਵਿਚਲਾ ਖ਼ਾਬ ਹਾਂ।

ਖੋਲ੍ਹ ਕੇ ਰੱਖਾਂ ਆਪਣੇ ਕੰਨ ਤੇ ਅੱਖਾਂ,
ਹਰ ਗੱਲ ਸੁਣਨ ਵੇਖਣ ਲਈ ਆਇਆ ਜ਼ਨਾਬ ਹਾਂ।

ਬਹੁਤ ਫੁੱਲ ਬਸੰਤ ਰੁੱਤ ਫੁੱਲ ਉਹ ਜੋ ਪੱਤਝੜ
ਖਿੜੇ
ਪੱਤਝੜ ਦਾ ਵੀ ਬਣ ਕੇ ਆਇਆ ਜੁਆਬ ਹਾਂ

ਆ ਗੰਦਗੀ ਨੂੰ ਰੋੜੀਏ ਸੈਲਾਬ ਬਣ ਕੇ,
ਜਿਊਣਾ ਛੱਡ ਤੂੰ ਤੇ ਮੈਂ ਵੀ ਸੈਲਾਬ ਹਾਂ।

-ਮੋਬਾ: 94635 24337

****

## ਮੁਹੱਬਤ

### ਤਰਸੇਮ ਲੰਡੇ

ਮਹੁੱਬਤ ਬੇਪਨਾਹ ਹੈ
ਪਰ ਇਹ ਤਾਂ ਗੁਨਾਹ ਹੈ।
ਕੀਤੀ ਨਹੀਂ ਮੈਂ ਖ਼ੁਦ
ਇਹ ਜਾਣਦਾ ਖ਼ੁਦਾ ਹੈ।
ਮੁੜਨਾ ਮੁਨਾਸਬ ਨਹੀਂ
ਅੱਗੇ ਮਹਿੰਗੇ ਭਾਅ ਹੈ।
ਕਿੰਨੇ ਹੀ ਘਰ ਨਿਗਲੇ
ਅਤੇ ਕਿੰਨੇ ਹੋਏ ਤਬਾਹ ਹੈ।
ਰਾਂਝੇ ਤੋਂ ਮਿਰਜ਼ੇ ਤੱਕ ਦਾ
ਇਹ ਇਤਿਹਾਸ ਗਵਾਹ ਹੈ।
ਉਮਰ ਝੱਲੀ ਜਿਹੀ ਹੁੰਦੀ
ਜੋ ਕਰਦੀ ਸਭ ਫਨਾਹ ਹੈ।
ਖਿਆਲ ਪੱਤ ਦਾ ਰੱਖੀਂ
ਤੇ ਅਖੀਂ ਉਸਦੀ ਰਜ਼ਾ ਹੈ।
ਤਰਸੇਮ ਇਸ ਜਹਾਂ ਅੰਦਰ
ਪਿਆਰ ਕਰਨਾ ਸਜ਼ਾ ਹੈ।

****

# ਸੋਸ਼ਲ ਮੀਡੀਆ ਤੋਂ ਕਿਤੇ ਵਧ ਹੈ ਅਖ਼ਬਾਰਾਂ ਦੀ ਭਰੋਸੇਯੋਗਤਾ

ਸੰਦੀਪ ਕੰਬੋਜ

ਅੱਜ ਕੱਲ ਸੋਸ਼ਲ ਮੀਡੀਆ ਦਾ ਦੋਰ ਹੈ । ਸੋਸ਼ਲ ਮੀਡੀਆ ਤੇ ਖਬਰ ਮਿੰਟਾਂ ਸੈਕਿੰਡਾਂ ਵਿੱਚ ਵਾਇਰਲ ਹੋ ਜਾਂਦੀ ਹੈ ਪਰ ਅਕਸਰ ਹੀ ਦੇਖਣ ਵਿੱਚ ਆਉਂਦਾ ਹੈ ਕਿ ਸੱਚੀਆਂ ਖਬਰਾਂ ਦੀ ਬਜਾਏ ਸੋਸ਼ਲ ਮੀਡੀਆ ਤੇ ਝੂਠੀਆਂ ਖਬਰਾਂ ਬਹੁਤ ਜਲਦੀ ਵਾਇਰਲ ਹੋ ਜਾਂਦੀਆਂ ਹਨ ਅਤੇ ਆਮ ਲੋਕ ਸ਼ਸ਼ੋਪੰਜ ਵਿੱਚ ਪੈ ਜਾਂਦੇ ਹਨ ਕਿ ਇਸ ਖਬਰ ਤੇ ਵਿਸ਼ਵਾਸ ਕੀਤਾ ਜਾਵੇ ਕਿ ਨਾ ਕੀਤਾ ਜਾਵੇ ।ਜਿਹੜੀ ਖਬਰ ਸੱਚੀਂ ਹੁੰਦੀ ਹੈ ਉਹ ਅਗਲੇ ਦਿਨ ਅਖ਼ਬਾਰ ਤੇ ਛਪੀ ਹੁੰਦੀ ਹੈ ।ਕਈ ਵਾਰ ਜਿਹੜੀ ਖਬਰ ਝੂਠੀ ਸੋਸ਼ਲ ਮੀਡੀਆ ਤੇ ਵਾਇਰਲ ਹੁੰਦੀ ਹੈ ਉਸ ਦਾ ਵਿਸ਼ਲੇਸ਼ਣ ਵੀ ਕੀਤਾ ਹੁੰਦਾ ਹੈ ਕਿ ਇਹ ਝੂਠੀ ਖ਼ਬਰ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਹੈ।ਇਸ ਲਈ ਅਖ਼ਬਾਰ ਹਮੇਸ਼ਾ ਉਹ ਹੀ ਖਬਰ ਛਾਪਦਾ ਹੈ ਜੋਂ ਨਿਰਪੱਖ ਅਤੇ ਸੱਚੀ ਹੁੰਦੀ ਹੈ।ਅੱਜ ਦੇ ਸਮੇਂ ਵਿੱਚ ਅਖ਼ਬਾਰਾਂ ਦੀ ਭਰੋਸੇਯੋਗਤਾ ਸੋਸ਼ਲ ਮੀਡੀਆ ਤੋਂ ਕਿਤੇ ਵੱਧ ਹੈ।ਅਖ਼ਬਾਰਾਂ ਵਰਤਮਾਨ ਜੀਵਨ ਦਾ ਇਕ ਮਹੱਤਵਪੂਰਨ ਅੰਗ ਹਨ ।ਇਹ ਮਨੁੱਖ ਦੀ ਵੱਧ ਤੋਂ ਵੱਧ ਜਾਣਨ ਦੀ ਰੁਚੀ ਨੂੰ ਸੰਤੁਸ਼ਟ ਕਰਦੀਆਂ ਹਨ ।ਜਿੰਨਾ ਲੋਕਾਂ ਨੂੰ ਹਰ ਰੋਜ ਸਵੇਰ ਸਮੇਂ ਸਭ ਤੋਂ ਪਹਿਲਾਂ ਅਖਬਾਰ ਪੜਣ ਦਾ ਨਸ਼ਾ ਲੱਗਿਆ ਹੁੰਦਾ ਹੈ ਉਹਨਾਂ ਨੂੰ ਚਾਹ ਦੀਆਂ ਚੁਸਕੀਆ ਲੈਣ ਤੋ ਪਹਿਲਾਂ ਬਹੁਤ ਇੰਤਜ਼ਾਰ ਹੁੰਦਾ ਹੈ ਮੇਜ ਤੇ ਅਖਬਾਰ ਦਾ ਕਿ ਕਦੋਂ ਅਖਬਾਰ ਆਏ ਤੇ ਚਾਹ ਦੀਆਂ ਚੁਸਕੀਆ ਲੈਂਦਿਆ ਹੋਇਆਂ ਅਖਬਾਰ ਵੀ ਪੜੀ ਜਾਵੇ । ਵੈਸੇ ਤਾਂ ਹਰ ਵਿਅਕਤੀ ਦੇ ਘਰ ਅਲੱਗ-ਅੱਲਗ ਅਖਬਾਰ ਆਉਂਦਾ ਹੈ। ਕਿਉਂਕਿ ਕੋਈ ਹਿੰਦੀ ਖਬਰਾਂ ਪੜਨਾਂ ਪਸੰਦ ਕਰਦਾ ਹੈ। ਕੋਈ ਪੰਜਾਬੀ ਤੇ ਕੋਈ ਅੰਗਰੇਜ਼ੀ ।ਪੰਜਾਬੀ ਵਿਚ ਕਈ ਅਦਾਰੇ ਆਪੋ-ਆਪਣੇ ਤਰੀਕੇ ਨਾਲ ਅਖਬਾਰ ਦੇ ਪੰਨਿਆਂ ਨੂੰ ਸੰਜੋਦੇ ਹਨ ਤਾਂ ਜੋ ਖ਼ਬਰਾਂ ਨੂੰ ਸਹੀ ਤੇ ਵਧੀਆ ਢੰਗ ਨਾਲ ਛਾਪਿਆ ਜਾ ਸਕੇ।ਪਰ ਹਰੇਕ ਵਿਅਕਤੀਆਂ ਦੀ ਅਖਬਾਰ ਪ੍ਰਤੀ ਸੋਚ ਵੀ ਖਾਣ-ਪੀਣ ਦੀ ਚੀਜ਼ਾਂ ਦੀ ਤਰਾਂ ਅਲੱਗ-ਅਲੱਗ ਹੁੰਦੀ ਹੈ। ਕਿਸੇ ਨੂੰ ਪੰਜਾਬੀ ਦਾ ਕੋਈ ਅਖਬਾਰ ਪੜ੍ਹਨਾ ਚੰਗਾ ਲਗਦਾ ਹੈ ਕਿਸੇ ਨੂੰ ਕੋਈ।ਜਿਸ ਕਿਸੇ ਦਿਨ ਘਰ ਵਿੱਚ ਅਖਬਾਰ ਨਾ ਪਹੁੰਚੇ ਜਾ ਲੇਟ ਪਹੁੰਚੇ ਤਾਂ ਉਸ ਦਿਨ ਉਹਨਾ ਟਾਇਮ ਕਿਸੇ ਵੀ ਕੰਮ ਵਿੱਚ ਮਨ ਨਹੀਂ ਲਗਦਾ ਅਤੇ ਮਨ ਅਖਬਾਰ ਨੂੰ ਲੋਚਦਾ ਹੈ । ਅਖਬਾਰਾਂ ਦੇ ਰਿਪੋਟਰ, ਫੋਟੋਗ੍ਰਾਫਰ, ਸੰਪਾਦਕ ਅਤੇ ਅਨੇਕਾਂ ਮੈਂਬਰ ਜੋ ਇਸ ਨਾਲ ਜੁੜੇ ਹੁੰਦੇ ਹਨ ਉਹ ਹਰ ਰੋਜ ਦਿਨ ਭਰ ਦੀ ਮਿਹਨਤ ਕਰਕੇ ਅਤੇ ਰਾਤੋ-ਰਾਤ ਅਖਬਾਰ ਛਾਪ ਕੇ ਸਵੇਰੇ ਲੋਕਾਂ ਦੇ ਟੇਬਲ ਤੇ ਅਖਬਾਰ ਰਾਹੀਂ ਦੇਸ਼ ਭਰ ਦੀਆਂ ਖਬਰਾਂ ਪਹੁੰਚਦੇ ਹਨ । ਅਖ਼ਬਾਰਾਂ ਆਪਣੀ ਸੂਚਨਾ ਪ੍ਰਸਾਰਨ ਦੀ ਸੁਤੰਤਰ ਸ਼ਕਤੀ ਕਾਰਨ ਖੁਫੀਆਂ ਰਿਪੋਰਟਾਂ ਛਾਪ ਕੇ ਸਮਾਜ-ਵਿਰੋਧੀ ਸ਼ਕਤੀਆਂ ਤੇ ਸਰਕਾਰੀ ਅਦਾਰਿਆਂ ਵਿਚ ਡਰ ਪੈਦਾ ਕਰਦੀਆਂ ਹਨ ਤੇ ਉਨ੍ਹਾਂ ਨੂੰ ਗ਼ੈਰ ਕਾਨੂੰਨੀ ਕੰਮ ਕਰਨ ਤੇ ਭ੍ਰਿਸ਼ਟ ਤਰੀਕੇ ਅਪਣਾਉਣ ਤੋਂ ਰੋਕ ਕੇ ਸਮਾਜ ਵਿਚ ਸਾਰਥਕ ਤੇ ਜ਼ਿੰਮੇਵਾਰੀ ਭਰਿਆ ਰੋਲ ਅਦਾ ਕਰਨ ਦੇ ਯੋਗ ਵੀ ਬਣਾਉਂਦੀਆਂ ਹਨ ।ਅਖਬਾਰ ਦੇ ਪਹਿਲੇ 2-3 ਪੰਨਿਆਂ ਦੀਆਂ ਮੁੱਖ ਖ਼ਬਰਾਂ ਦੇਸ਼ ਨਾਲ ਜੁੜੀਆਂ ਹੁੰਦੀਆਂ ਹਨ। ਜਿਸਨੂੰ ਪੜਦੇ ਸਾਰ ਹੀ ਇਸ ਵਿੱਚ ਦੇਸ਼ ਦੀਆਂ ਮੌਜੂਦਾ ਚਲ ਰਹੀਆਂ ਗਤੀਵਿਧੀਆਂ ਬਾਰੇ ਜਾਣੂ ਅਸੀਂ ਜਾਣੂ ਹੋ ਜਾਂਦੇ ਹਾਂ ਅਤੇ ਪੜਦੇ-ਪੜਦੇ ਕੁਝ ਖਬਰਾਂ ਦੇ ਅੰਤ ਤੇ ਲਿਖਆ ਹੁੰਦਾ ਹੈ ਬਾਕੀ ਖ਼ਬਰ ਸਫ਼ਾ 2 ਤੇ ਜਾਂ ਸਫ਼ਾ 14 ਤੇ, ਖ਼ਬਰ ਨੂੰ ਪੂਰੀ ਪੜਣ ਦੀ ਉਤਸੁਕਤਾ ਆਪਣੇ ਆਪ ਪੰਨਾ ਬਦਲਣ ਲਈ ਮਜ਼ਬੂਰ ਕਰਦੀਆਂ ਹਨ, ਭਾਂਵੇਂ ਕਿੰਨਾਂ ਵੀ ਜਰੂਰੀ ਕੰਮ ਜਾਣਾ ਹੋਵੇ। ਅਸੀਂ ਜਾਣ ਜਾਂਦੇ ਹਾਂ ਕਿ ਕਿੱਥੇ ਹੜਤਾਲ ਹੋਈ ਹੈ, ਜਿੱਥੇ ਮੁਜ਼ਾਹਰੇ ਹੋਏ ਹਨ, ਜਿੱਥੇ ਪੁਲਿਸ ਨੇ ਲਾਠੀ-ਗੋਲੀ ਚਲਾਈ ਹੈ, ਕਿੱਥੇ ਦੁਰਘਟਨਾਵਾਂ ਹੋਈਆਂ ਹਨ, ਕਿੱਥੇ ਅਤਿਵਾਦੀ ਕਾਰਵਾਈਆਂ ਹੋਈਆਂ ਹਨ ਤੇ ਕਿੱਥੇ ਕੋਈ ਕੁਦਰਤੀ ਕਹਿਰ ਵਾਪਰਿਆ ਹੈ । ਇਨ੍ਹਾਂ ਤੋਂ ਸਾਨੂੰ ਦੁਨੀਆਂ ਦੇ ਦੇਸ਼ਾਂ ਦੇ ਰਾਜਨੀਤਿਕ, ਆਰਥਿਕ ਤੇ ਭਾਈਚਾਰਕ ਸੰਬੰਧਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ । ਅੰਤ ਵਿੱਚ ਬਾਹਰੀ ਦੇਸ਼ਾਂ ਦੀਆਂ ਖ਼ਬਰਾਂ ਜੋ ਆਪਣੇ ਰਿਸ਼ਤੇਦਾਰਾਂ ਭੈਣ-ਭਰਾਵਾਂ ਦੀਆਂ ਯਾਦਾਂ ਨੂੰ ਤਾਜ਼ਾ ਕਰ ਦਿੰਦੀਆਂ ਹਨ ਜੋ ਬਾਹਰ ਮੁਲਕਾਂ ਵਿਚ ਪੜ੍ਹਣ ਜਾਂ ਕੰਮ ਕਰਨ ਗਏ ਹੁੰਦੇ ਹਨ। ਫਿਰ ਕੁੱਝ ਖੇਡ ਪ੍ਰਤੀ ਖ਼ਬਰਾਂ ਚਾਹ ਦੀਆਂ ਚੁਸਕੀਆਂ ਦਾ ਮਜ਼ਾ ਦੁਗਣਾ ਕਰ ਦਿੰਦੀਆਂ ਹਨ। ਤਾਹੀਉਂ ਅਖ਼ਬਾਰ ਵਰਗਾ ਦੋਸਤ ਜੋ ਸਭ ਦਾ ਹਰਮਨ ਪਿਆਰਾ ਹੈ ਸ਼ਾਇਦ ਹੀ ਕੋਈ ਹੋਰ ਹੋਵੇ। ਅਖ਼ਬਾਰਾਂ ਤੋਂ ਅਸੀਂ ਭਿੰਨ-ਭਿੰਨ ਖੇਤਰਾਂ ਤੇ ਵਿਸ਼ਿਆਂ ਸੰਬੰਧੀ ਅੰਕੜਿਆਂ, ਤੱਥਾਂ, ਵਿਗਿਆਨ ਦੀਆਂ ਕਾਢਾਂ ਤੇ ਖੋਜਾਂ, ਖੇਡਾਂ, ਵਣਜ-ਵਪਾਰ, ਸਟਾਕ-ਮਾਰਕਿਟ, ਸਰਕਾਰੀ ਨੀਤੀਆਂ, ਕਾਨੂੰਨਾਂ ਸਭਿਆਚਾਰ, ਵਿੱਦਿਆ, ਸਿਹਤ,ਚਿਕਿਤਸਾ ਵਿਗਿਆਨ , ਮਨੋਰੰਜਨ ਦੇ ਸਾਧਨਾਂ, ਖੇਤੀ ਦੇ ਬੀਜਾਂ, ਦਵਾਈਆਂ ਤੇ ਮਸ਼ੀਨਾਂ ਅਤੇ ਸਾਹਿਤਕ ਰਚਨਾਵਾਂ ਤੇ ਕਲਾ ਕਿਰਤਾਂ ਬਾਰੇ ਲਗਾਤਾਰ ਤਾਜ਼ੀ ਤੋਂ ਤਾਜ਼ੀ ਜਾਣਕਾਰੀ ਪ੍ਰਾਪਤ ਕਰਦੇ ਰਹਿੰਦੇ ਹਾਂ, ਜਿਸ ਨਾਲ ਮਨੁੱਖੀ ਸੂਝ-ਬੂਝ ਤਿਖੇਰੀ ਹੁੰਦੀ ਹੈ ਤੇ ਸਭਿਆਚਾਰ ਉੱਨਤੀ ਕਰਦਾ ਹੈ।ਅਖ਼ਬਾਰਾਂ ਵਿਚ ਛਪੀਆਂ ਕਹਾਣੀਆਂ, ਚੁਟਕਲੇ ਤੇ ਅਨੇਕਾਂ ਦਿਲਚਸਪ ਖ਼ਬਰਾ ਸਾਡਾ ਕਾਫ਼ੀ ਮਨੋਰੰਜਨ ਕਰਦੀਆਂ ਹਨ । ਇਨ੍ਹਾਂ ਵਿਚੋਂ ਹੀ ਅਸੀਂ ਦਿਲ-ਪਰਚਾਵੇ ਦੇ ਸਾਧਨਾਂ ਫ਼ਿਲਮਾਂ, ਰੇਡੀਓ ਤੇ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਦੇ ਹਾਂ ?ਅਖ਼ਬਾਰਾਂ ਵਿੱਚ ਅਖ਼ਬਾਰ ਦੇ ਸੰਪਾਦਕ ਵੱਲੋਂ ਸੰਪਾਦਕੀ ਲੇਖ ਵੀ ਲਿਖੇ ਹੁੰਦੇ ਹਨ। ਇਹ ਆਮ ਤੌਰ ਤੇ ਦੇਸ਼ ਦੀ ਬਦਲਦੀ ਹੋਈ ਸੱਭਿਆਚਾਰਕ, ਆਰਥਿਕ, ਸਮਾਜਿਕ, ਰਾਜਨੀਤਿਕ ਤੇ ਧਾਰਮਿਕ ਸਥਿਤੀ ਨਾਲ ਸੰਬੰਧਿਤ ਹੁੰਦੇ ਹਨ। ਇਹ ਲੇਖ ਆਲੋਚਨਾਤਮਕ, ਉਸਾਰੂ ਤੇ ਸੁਝਾ ਪੂਰਨ ਹੁੰਦੇ ਹਨ। ਇਹਨਾਂ ਰਾਹੀਂ ਵੱਖੋ-ਵੱਖਰੇ ਵਿਚਾਰਾਂ ਸੰਬੰਧੀ ਸਾਡਾ ਦ੍ਰਿਸ਼ਟੀਕੋਣ ਸਪੱਸ਼ਟ ਹੁੰਦਾ ਹੈ।







ਟੈਲੀਵਿਯਨ ਦੇ ਭਿੰਨ-ਭਿੰਨ ਨਿਊਜ਼ ਚੈਨਲਾਂ ਦੇ ਰਾਤ-ਦਿਨ ਖ਼ਬਰਾਂ ਪ੍ਰਸਾਰਨ ਦੇ ਬਾਵਜੂਦ ਅਖ਼ਬਾਰਾਂ ਦੀਆਂ ਖ਼ਬਰਾਂ ਦਾ ਆਪਣਾ ਵਿਸ਼ੇਸ਼ ਮਹੱਤਵ ਹੈ ।

-ਸੰਪਰਕ: 98594-00002

# ਮਨ ਕੀ ਬਾਤ ਬਨਾਮ ਦੇਸੀ ਡੌਂਗੀ

ਪ੍ਰੋ. ਜਸਵੰਤ ਸਿੰਘ ਗੰਡਮ

ਜਿਸ ਦਿਨ ਦੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੀ 'ਮਨ ਕੀ ਬਾਤ' ਰਾਹੀਂ ਦੇਸ਼ ਵਾਸੀਆਂ ਨੂੰ ਭਾਰਤੀ ਨਸਲ ਦੇ ਕੁੱਤੇ ਪਾਲਣ ਅਤੇ ਪਾਲਤੂਆਂ ਦੇ ਤੌਰ 'ਤੇ ਰੱਖਣ ਦੀ ਨੇਕ ਸਲਾਹ ਦਿਤੀ ਹੈ, ਦੇਸੀ ਕੁੱਤਿਆਂ ਨੇ ਆਮ ਬੰਦੇ ਨਾਲ ਅੱਖ ਮਿਲਾਉਣੀ ਬੰਦ ਕਰ ਦਿਤੀ ਹੈ! ਜਣੇ ਖਣੇ ਵਲ ਦੇਖ ਕੇ ਪੂਛਲ ਹਿਲਾਉਣਾਂ ਤਾਂ ਦੂਰ ਦੀ ਗੱਲ, ਉਹਨਾਂ ਨੇ ਕਿਸੇ ਲੰਡੀ-ਬੁੱਚੀ ਤੋਂ ਬੁਰਕੀਆਂ ਲੈਣੀਆਂ ਵੀ ਛੱਡ ਦਿੱਤੀਆਂ ਹਨ। ਹੋਰ ਤਾਂ ਹੋਰ, ਗਲੀਆਂ ਦੇ ਅਵਾਰਾ ਕੁੱਤੇ ਵੀ ਅੱਖਾਂ ਦਿਖਾਉਣ ਲਗ ਪਏ ਹਨ। ਠੀਕ ਹੈ ਬਈ, ਜਦ ਸਰਕਾਰੀ ਹਲਵੇ-ਮੰਡੇ ਮਿਲਦੇ ਹੋਣ ਤਾਂ ਭਲਾ ਕਿਸੇ ਦੁੱਕੀ-ਤਿੱਕੀ ਕੋਲੋਂ ਬਹੀ-ਬੁੱਸੀ, ਰੁੱਖੀ-ਸੁੱਕੀ ਦੇ ਟੁੱਕੜਬੋਚ ਭਲਾ ਕਿਉਂ ਬਣਨਾ? ਬੇਸ਼ਕ ਕੁੱਤੇ ਨੂੰ ਖੀਰ ਪੱਚਦੀ ਤਾਂ ਨਹੀਂ ਹੁੰਦੀ ਪਰ ਮੁਫਤ ਦੀ ਸ਼ਰਾਬ ਤਾਂ ਕਹਿੰਦੇ ਕਾਜ਼ੀ ਨੂੰ ਵੀ ਹਰਾਮ ਨਹੀਂ ਹੁੰਦੀ।

ਅਸੀਂ ਡਰਦੇ ਮਾਰੇ ਆਪਣੇ ਸਿਰਲੇਖ ਵਿਚ ਕੁੱਤੇ ਦੀ ਥਾਂ 'ਡੌਂਗੀ' ਲਿਖਿਆ ਹੈ ਕਿਉਂਕਿ 'ਮਨ ਕੀ ਬਾਤ' ਉਪਰੰਤ ਕੁੱਤੇ ਨੂੰ ਜੇ ਕੁੱਤਾ ਕਹੀਏ ਤਾਂ ਉਹ ਬੁਰਾ ਮਨਾਉਣ ਲਗ ਪਿਐ! ਸਾਨੂੰ 'ਮੰਥਨ-ਚਿੰਤਨ' ਕਰਨ ਵਾਲਿਆਂ ਨੇ ਦਸਿਆ ਕਿ 'ਡੌਂਗੀ' ਇਕ ਸਤਿਕਾਰ ਸੂਚਕ ਸ਼ਬਦ ਹੈ ਜਿਸ ਨੂੰ ਕੋਈ ਵੀ ਕੁੱਤਾ 'ਮਾਈਂਡ' ਨਹੀਂ ਕਰਦਾ, ਜਾਣੀ ਬੁਰਾ ਨਹੀਂ ਮਨਾਉਂਦਾ।

ਪ੍ਰਧਾਨ ਮੰਤਰੀ ਨੇ ਜਿਸ ਦਿਨ ਦਾ ਦੇਸੀ ਕੁੱਤਿਆਂ ਦਾ ਗੁਣਗਾਨ ਕੀਤਾ ਹੈ ਗਲੀ ਦੇ ਕੁੱਤੇ ਵੀ ਪਾਸਾ ਜਿਹਾ ਵੱਟ ਕੇ ਲੰਘ ਜਾਂਦੇ ਹਨ 'ਤੇ ਬੱਸ ਲੱਤ ਜਿਹੀ ਚੁਕ ਕੇ ਆਪਣੀ ਕ੍ਰਿਆ ਕਰਕੇ ਤੀਂਗੜਦੇ ਹੋਏ ਅੱਗੇ ਨਿਕਲ ਜਾਂਦੇ ਹਨ। ਇਵੇਂ ਹੀ 2017 ਦੀਆਂ ਉੱਤਰ ਪ੍ਰਦੇਸ਼ ਵਿਚਲੀਆਂ ਵਿਧਾਨ ਸਭਾ ਚੋਣਾਂ ਵੇਲੇ ਹੋਇਆ ਸੀ। ਉਦੋਂ ਸਾਡੇ ਪ੍ਰਧਾਨ ਸੇਵਕ ਨੇ ਇਕ ਚੋਣ ਰੈਲੀ ਵਿਚ ਗਧਿਆਂ, ਖਾਸ ਕਰਕੇ ਗੁਜਰਾਤੀ ਨਸਲ ਦੇ ਗਧਿਆਂ, ਦਾ ਗੁਣਗਾਨ ਕੀਤਾ ਸੀ। ਹਰ ਗਧਾ ਟੀਟਣੇ ਮਾਰਨ ਲਗ ਪਿਆ ਸੀ ! ਉਦੋਂ ਗਧਿਆਂ ਦੇ ਦਿਨ ਆ ਗਏ ਸਨ, ਹੁਣ ਦੇਸੀ ਕੁੱਤਿਆਂ, ਸੌਰੀ ਡੌਂਗੀਆਂ, ਦੇ ਦਿਨ ਆ ਗਏ ਹਨ!

ਆਓ ਜ਼ਰਾ ਪ੍ਰਧਾਨ ਮੰਤਰੀ ਜੀ ਦੀ 'ਮਨ ਕੀ ਬਾਤ' ਉਪਰ ਝਾਤੀ ਪਾਈਏ।

30 ਅਗਸਤ ਨੂੰ ਕੀਤੀ ਗਈ ਇਸ ਮਨ ਕੀ ਬਾਤ ਵਿਚ ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਘਰੇਲੂ ਖਿਡੌਣਿਆਂ ਦੇ ਉਤਪਾਦਨ ਵਿਚ ਹੋਰ ਯੋਗਦਾਨ ਪਾਉਣ ਲਈ ਕਿਹਾ। 7 ਲਖ ਕਰੋੜ ਦੀ ਗਲੋਬਲ ਖਿਡੌਣਾ ਮਾਰਕਿਟ ਵਿਚ ਭਾਰਤ ਦੀ ਘਟ ਭੂਮਿਕਾ ਦੀ ਗਲ ਕਰਦਿਆਂ ਉੱਦਮੀਆਂ ਅਤੇ ਸਟਾਰਟਸਅੱਪਾਂ ਨੂੰ ਭਾਰਤ ਨੂੰ ਮਾਡਰਨ ਖਿਡੌਣਿਆਂ ਦਾ ਕੇਂਦਰ ਬਨਾਉਣ ਲਈ ਪ੍ਰੇਰਿਆ।

ਫਿਰ ਉਹਨਾਂ ਭਾਰਤੀ ਨਸਲ ਦੇ ਕੁੱਤਿਆਂ ਦੀ ਗੱਲ ਤੋਰੀ ਅਤੇ ਤੋਰੀ ਵੀ ਬੜੇ 'ਮੰਥਨ-ਚਿੰਤਨ' ਤੋਂ ਬਾਅਦ ! ਉਹਨਾਂ ਦੇਸ਼ ਵਾਸੀਆਂ ਨੂੰ ਸਲਾਹ ਦਿੱਤੀ ਕਿ ਉਹ ਭਾਰਤੀ ਨਸਲ ਦੇ ਕੁੱਤੇ ਪਾਲਣ। ਉਹਨਾਂ 'ਵੋਕਲ ਫਾਰ ਲੋਕਲ' (ਸਥਾਨਕ ਲਈ ਉੱਚੀ ਆਵਾਜ਼ ਵਿਚ ਬੋਲੋ) ਹੋਣ ਦੇ ਆਪਣੇ ਨਾਹਰੇ ਨੂੰ ਚਿਤਾਰਦਿਆਂ ਦੇਸੀ ਕੁੱਤਿਆਂ ਦੇ ਗੁਣ ਦੱਸੇ ਕਿ ਇਹਨਾਂ ਦੇ ਪਾਲਣ ਉਪਰ ਖਰਚ ਘਟ ਆਉਂਦੈ, ਇਹ ਭਾਰਤੀ ਮਹੌਲ 'ਚ ਢਲੇ ਹੁੰਦੇ ਹਨ, ਸਖਸ਼ਮ, ਬਿਹਤਰ, ਉਪਯੋਗੀ, ਖੂਬਸੂਰਤ ਅਤੇ ਕਵਾਲਿਟੀ ਵਾਲੇ ਹੁੰਦੇ ਹਨ।

ਫਿਰ ਉਹਨਾਂ ਕੁਝ ਦੇਸੀ ਨਸਲਾਂ ਦੇ ਨਾਮ ਵੀ ਲਏ ਜਿਵੇਂ ਮੌਦੂਲ ਹਾਊਂਡ, ਹਿਮਾਚਲੀ ਹਾਂਊਂਡ, ਰਾਜਪਲਾਇਮ, ਕੰਨੀ, ਚਿੱਪੀਪਰਾਈ, ਆਦਿ। ਉਹਨਾਂ ਇਹ ਵੀ ਕਿਹਾ ਕਿ ਫੌਜ ਸਮੇਤ ਦੂਸਰੇ ਸੁਰੱਖਿਆਂ ਬਲਾਂ ਵਿਚ ਵੀ ਭਾਰਤੀ ਨਸਲ ਦੇ ਕੁੱਤੇ ਡੌਗ ਸਕਵੈਡਾਂ ਵਿਚ ਸ਼ਾਮਲ ਕੀਤੇ ਗਏ ਹਨ। ਇਹ ਸਭ ਕੁਝ ਉਹਨਾਂ 'ਆਤਮ ਨਿਰਭਰ ਭਾਰਤ ਅਭੀਯਾਨ' ਤਹਿਤ ਕਰਨ ਲਈ ਕਿਹਾ।

ਖੈਰ, ਹਰ ਕੁੱਤੇ ਦੇ ਦਿਨ ਤਾਂ ਆਉਣੇ ਹੀ ਹੁੰਦੇ ਹਨ! ਪ੍ਰਸਿੱਧ ਅੰਗਰੇਜ਼ੀ ਲੇਖਕ ਜੌਨਾਥਨ ਸਵਿਫਟ ਦੀ ਬੜੀ ਮਸ਼ਹੂਰ ਕੁਟੇਸ਼ਨ ਹੈ-ਉ ਹਰ ਕੁੱਤੇ ਦਾ ਦਿਨ ਹਰ ਹਾਲ ਆਉਣਾ ਚਾਹੀਦੈ"। ਪ੍ਰਧਾਨ ਮੰਤਰੀ ਵਲੋਂ ਦੇਸੀ ਕੁੱਤਿਆਂ ਦੀ ਪ੍ਰਸ਼ੰਸਾ ਤੋਂ ਬਾਅਦ ਹੁਣ ਬੌਲੀਵੁੱਡ ਦੇ ਸੁਪਰਸਟਾਰ ਧਰਮਿੰਦਰ ਨੂੰ ਆਪਣੀਆਂ ਟਰੇਡਮਾਰਕ ਫਿਲਮੀਂ ਗਾਲੀਆਂ 'ਕੁੱਤੇ...ਕਮੀਨੇ...' ਬਲਦਲਣੀਆਂ ਪੈਣਗੀਆਂ ਕਿਉਂਕਿ ਕੁੱਤੇ ਹੁਣ ਕਮੀਨੇ ਨਹੀਂ ਰਹੇ! ਅੰਗਰੇਜ਼ੀ ਦੀ ਇਕ ਕਹਾਵਤ ਹੈ 'ਲਵ ਮੀ ਐਂਡ ਲਵ ਮਾਈ ਡੌਗ' (ਮੇਰੇ ਨਾਲ ਨਾਲ ਮੇਰੇ ਕੁੱਤੇ ਨੂੰ ਵੀ ਪਿਆਰ ਕਰੋ)। ਸਤਾਰਵੀਂ-ਅਠਾਰਵੀਂ ਸਦੀ ਦੇ ਅੰਗਰੇਜ਼ੀ ਕਵੀ ਅਲਗੈਜ਼ੈਂਡਰ ਪੋਪ ਦੀਆਂ ਵੀ ਰੌਚਕ ਸਤਰਾਂ ਹਨ-ਉਮੈਂ ਤਾਂ ਮਹਾਮਹੀਮ ਮਹਾਰਾਜੇ ਦਾ ਕੁੱਤਾ ਹਾਂ, ਸ਼੍ਰੀਮਾਨ ਜੀ, ਕਿਰਪਾ ਕਰਕੇ ਦਸੋਂਗੇ ਤੁਸੀਂ ਕਿਸ ਦੇ ਕੁੱਤੇ ਹੋ"? ਸਾਡੇ ਦੇਸ਼ ਵਿਚ ਵੱਡੇ ਵੱਡੇ ਲੋਕਾਂ, ਖਾਸ ਕਰ ਸੱਤਾਧਾਰੀਆਂ ਮਗਰ, ਬਹੁਤੇ ਲੋਕ ਪੂਛਲ ਹਿਲਾਉਂਦੇ ਫਿਰਦੇ ਹਨ।





ਸਿਆਸਤ ਅਤੇ ਸੁਆਨ (ਕੁੱਤਾ) ਦਾ ਚੋਲੀ ਦਾਮਨ ਦਾ ਸਾਥ ਹੈ। ਸਿਆਸੀ ਬੁਰਕੀਆਂ ਦੇਖ ਕੇ ਹਰ ਕਿਸੇ ਦੀਆਂ ਰਾਲਾਂ ਟਪਕਣ ਲਗ ਪੈਂਦੀਆਂ ਹਨ।

ਬੰਦੇ ਅਤੇ ਕੁੱਤੇ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਘੋੜਾ ਅਤੇ ਕੁੱਤਾ ਬੰਦੇ ਦੇ ਸਦੀਆਂ ਪੁਰਾਣੇ ਸਾਥੀ ਹਨ।

ਕੁੱਤਾ ਵਫਾਦਾਰੀ, ਨਿਰਸ਼ਲ ਪ੍ਰੇਮ, ਮਾਲਕ ਉਪਰ ਜਾਨ ਛਿੜਕਣ ਵਾਲਾ ਜੀਵ ਹੈ। ਪਰ ਇਸ ਦੀ ਲੱਚਰ ਕਾਮੁਕਤਾ ਅਤੇ ਬੇਲਗਾਮ ਭੁੱਖ ਇਸ ਨੂੰ ਬਦਨਾਮੀ ਦਿੰਦੀਆਂ ਹਨ।

ਇਸ ਬਾਰੇ ਬੜੇ ਮੁਹਾਵਰੇ ਅਤੇ ਅਖਾਣ ਹਨ। ਪਰ ਬਹੁਤੇ ਨਾਂਹ ਪੱਖੀ ਹਨ-ਕੁੱਤੇ ਦੀ ਮੌਤ ਮਰਨਾ, ਕੁੱਤੇ ਦੇ ਠੀਕਰੇ ਪਾਣੀ ਪਿਲਾਉਣਾ, ਕੁੱਤੇ ਖਾਣੀ ਹੋਣੀ, ਕੁੱਤੇ ਖੱਸੀ ਕਰਨਾ, ਕੁੱਤੇ ਦੀ ਬਾਬ ਕਰਨੀ, ਕੁੱਤੇ ਲਾਣੇ, ਕੁੱਤਾ ਵੀ ਖਾਧਾ ਤੇ ਢਿਡ ਵੀ ਨਾ ਭਰਿਆ, ਕੁੱਤਿਆ ਤੇਰੇ ਮੂੰਹ ਨੂੰ ਨਹੀਂ ਤੇਰੇ ਮਾਲਕ ਦੇ ਮੂੰਹ ਨੂੰ ਹੈ, ਕੁੱਤਿਆਂ ਦੇ ਲਕਿਆਂ ਦਰਿਆ ਪਲੀਤ ਨਹੀਂ ਹੁੰਦਾ, ਕੁੱਤਾ ਰੋਟੀ ਲੈ ਗਿਆ ਗੰਗਾ ਮਾਈ ਤੇਰੇ ਨਾਂ, ਕੁੱਤੀ ਗੋਲ੍ਹਾਂ ਖਾਣ ਗਈ, ਅੱਗੋਂ ਵਾ ਨਾਂ ਵਗੀ, ਪਿੱਛੋਂ ਰੋਟੀ ਵੇਲਾ ਖੁੰਝ ਗਿਆ, ਕੁੱਤੇ ਸੰਦੀ ਪੂਛਲੀ, ਕਦੇ ਨਾ ਸਿਧੀ ਹੋਏ, ਕੁੱਤੇ ਖਾਣ ਜਲੇਬੀਆਂ, ਪ੍ਰੋਹਤ ਭੁੱਖੇ, ਕੁੱਤਾ ਕੁੱਤੇ ਦਾ ਵੈਰੀ, ਕੁੱਤੇ ਦੀ ਹੱਡੀ ਵਾਲਾ ਸੁਆਦ, ਕੁੱਤੇ ਦੀ ਪੂਛ ਬਾਰਾਂ ਵਰ੍ਹੇ ਨਲਕੀ 'ਚ ਪਾ ਛਡੀ, ਸਿੱਧੀ ਨਾ ਹੋਈ, ਕੁੱਤੇ ਨੂੰ ਖੀਰ/ਘਿਉ ਨਹੀਂ ਪਚਦਾ, ਕੁੱਤੇ ਭੌਂਕਣ ਤਾਂ ਚੰਦ ਨੂੰ ਕੀ, ਕੁੱਤੇ ਭੌਂਕਦੇ ਰਹਿੰਦੇ ਐ ਹਾਥੀ ਮਸਤ ਚਾਲ ਚਲਦੇ ਰਹਿੰਦੇ ਐ ਅਦਿ। 50 ਸਾਲ ਪਹਿਲਾਂ ਇਕ ਕਿਤਾਬ ਵਿਚ ਵੱਖਰੇ ਵੱਖਰੇ ਮਾਨਵੀ ਕੁੱਤਿਆਂ ਬਾਰੇ ਕੁਝ ਸਤਰਾਂ ਪੜ੍ਹੀਆਂ ਸਨ ਜੋ ਅਜੋਕੇ ਬਦਲੇ ਜ਼ਮਾਨੇ ਵਿਚ ਬਹੁਤੀਆਂ ਪ੍ਰਸੰਗਿਕ ਨਹੀਂ ਰਹੀਆਂ।

ਭਾਈ ਗੁਰਦਾਸ ਦੀਆਂ ਵਾਰਾਂ ਚੋਂ ਇਹ ਸਤਰਾਂ ' ਕੁੱਤਾ ਰਾਜ ਬਹਾਲੀਐ, ਫਿਰ ਚੱਕੀ ਚੱਟੈ' ਸਾਕਾ ਨੀਲਾ ਤਾਰਾ ਉਪਰੰਤ ਬਹੁਤ ਹਰਮਨ ਪਿਆਰੀਆਂ ਹੋਈਆ ਸਨ ਅਤੇ ਪੰਥ ਪ੍ਰਸਿੱਧ ਕੀਰਤਨੀਏਂ ਇਸ ਦਾ ਵਾਰ ਵਾਰ ਗਾਇਨ ਕਰਦੇ ਸਨ ।ਭਾਈ ਗੁਰਦਾਸ ਦੀਆਂ ਹੋਰ ਵੀ ਕਈ ਸਤਰਾਂ ਹਨ ਜਿਵੇਂ ਉਕੁੱਤੇ ਦੇ ਗਲ ਵਾਸਣੀ ਨਾ ਸਰਾਫੀ ਸਾਜ"।

ਗੁਰੂ ਗਰੰਥ ਸਾਹਿਬ ਵਿਚ ਅਨੇਕਾਂ ਟੂਕਾਂ ਹਨ ਪਰ ਇਥੇ ਕੁਝ ਕੁ ਹੀ ਦਿਆਂਗੇ- ਉਕੁੱਤੇ ਚੰਦਨੁ ਲਾਈਐ/ਭੀ ਸੋ ਕੁੱਤੀ ਧਾਤ","ਅੰਤਰਿ ਲੋਭ ਭਉਕੈ ਜਿਉ ਕੁਤਾ","ਸੁਆਨ ਪੂਛ ਜਿਉ ਹੋਇ ਨ ਸੂਧਉ ਬਹੁਤੁ ਜਤਨੁ ਮੈ ਕੀਨਉ","ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ"।

ਗੁਰਬਾਣੀ ਵਿਚ ਕੁੱਤੇ ਦੀ ਵਫਾਦਾਰੀ ਦੀ ਪ੍ਰਸ਼ੰਸਾ ਵੀ ਕੀਤੀ ਗਈ ਹੈ -" ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥ ਨਾਨਕ ਇਹ ਬਿਧਿ ਹਰਿ ਭਜਉ ਇਕ ਮਨ ਹੁਇ ਇਕਿ ਚਿਤ॥"

ਹੋਰ ਵੀ ਧਾਰਮਿਕ ਗਰੰਥਾਂ ਵਿਚ ਇਸ ਜੀਵ ਦਾ ਵਰਨਣ ਹੈ।

ਇਕ ਜਪਾਨੀ ਕੁੱਤੇ 'ਹਾਚੀਕੋ' ਦੀ ਵਫਾਦਾਰੀ ਉਪਰ ਤਾਂ ਫਿਲਮ ਵੀ ਬਣੀ ਹੈ ਅਤੇ ਉਸ ਦਾ ਉਸ ਰੇਲਵੇ ਸਟੇਸ਼ਨ ਦੇ ਬਾਹਰ, ਜਿਥੇ ਉਹ ਨੌਂ ਸਾਲ੍ਹਾਂ ਤੋਂ ਵੀ ਵਧ ਸਮਾਂ ਆਪਣੇ ਮੋਏ ਹੋਏ ਮਾਲਕ ਨੂੰ ਉਡੀਕਦਾ ਰਿਹਾ, ਇਕ ਬੁੱਤ ਵੀ ਲਾਇਆ ਗਿਆ ਹੈ।

ਖੈਰ, ਗਲ ਸਮੇਟਦੇ ਹਾਂ।

ਹੈਰਾਨੀ ਵਾਲੀ ਗਲ ਤਾਂ ਇਹ ਹੈ ਕਿ ਸਾਡੇ ਪ੍ਰਧਾਨ ਸੇਵਕ ਨੂੰ ਦੇਸੀ ਨਸਲ ਦੇ ਕੁੱਤਿਆਂ ਉਪਰ 'ਮੰਥਨ-ਚਿੰਤਨ' ਕਰਨ ਉਪਰੰਤ 'ਮਨ ਕੀ ਬਾਤ' ਕਰਨ ਦੀ ਲੋੜ ਤਾਂ ਮਹਿਸੂਸ ਹੋਈ ਪਰ ਪਤਾ ਨਹੀਂ ਕਦੋਂ ਜਨਾਬ ਦੇਸ਼ ਦੀ ਡੁੱਬਦੀ ਅਰਥ-ਵਿਵੱਸਥਾ, ਕਰੋੜਾਂ ਲੋਕਾਂ ਦੀਆਂ ਨੌਕਰੀਆਂ ਖੁਸ ਜਾਣ, ਕਰੋੜਾਂ ਹੀ ਹੋਰ ਬੇਰੁਜ਼ਗਾਰ ਹੋਣ, ਸਰਕਾਰ ਦੀ ਦੋਸ਼ਪੂਰਨ ਬਦੇਸ਼ੀ ਨੀਤੀ ਕਾਰਨ ਹਰ ਗੁਆਂਢੀ ਮੁਲਕ, ਸਮੇਤ ਨੇਪਾਲ ਵਰਗੇ ਮਿੱਤਰ ਮੁਲਕ, ਨਾਲ ਰਿਸ਼ਤੇ ਵਿਗੜਨ ਅਤੇ ਹਰਦਿਨ ਵਧ ਰਹੇ ਕਰੋਨਾ ਕਹਿਰ (ਜਿਸ ਨੂੰ ਕੇਂਦਰੀ ਖਜ਼ਾਨਾ ਮੰਤਰੀ 'ਰੱਬ ਦੀ ਰਜ਼ਾ' ਕਹਿੰਦੇ ਹਨ) ਉਪਰ ਵੀ 'ਮੰਥਨ-ਚਿੰਤਨ' ਕਰਨ ਉਪਰੰਤ ਕੋਈ 'ਮਨ ਕੀ ਬਾਤ' ਕਰਨਗੇ !

-ਮੋਬਾ: 98766-55055

## ਬਾਲਾਂ ਲਈ

## ਬਾਲਸਭਾ

### ਆਕ੍ਰਿਤੀਆਂ ਦਾ ਗੀਤ

ਜਮਾਤ ਵਿੱਚ ਬੱਚਿਆਂ ਨੇ, ਕਰਿਆ ਸਵਾਲ ਜੀ।
ਕਹਿੰਦੇ ਸਾਡੀ ਗੱਲ ਉੱਤੇ ਥੋੜ੍ਹਾ, ਕਰਨਾ ਖ਼ਿਆਲ ਜੀ।
ਹੁੰਦੀਆਂ ਕੀ ਆਕ੍ਰਿਤੀਆਂ, ਜ਼ਰਾ ਸਾਨੂੰ ਸਮਝਾਓ ਜੀ।
ਜ਼ਰੂਰੀ ਗੱਲ ਇਹ ਸਾਡੇ, ਖਾਨੇ ਵਿੱਚ ਪਾਓ ਜੀ।

ਲੱਗਾ ਸਮਝਾਉਣ ਮੈਂ, ਆਕ੍ਰਿਤੀਆਂ ਦੇ ਬਾਰੇ ਜੀ।
ਹੋ ਕੇ ਅੰਤਰ ਧਿਆਨ ਬੱਚੇ, ਸੁਣਨ ਲੱਗੇ ਸਾਰੇ ਜੀ।

ਹੁੰਦਾ ਏ ਵਰਗ ਭੁਜਾਵਾਂ, ਚੌਰਸ ਜੇ ਹੋਣ ਜੀ।
ਚਾਰ ਹੁੰਦੀਆਂ ਭੁਜਾਵਾਂ, ਨੱਬੇ ਡਿਗਰੀ ਦੇ ਕੋਣ ਜੀ।
ਚਾਰੇ ਕੋਣਾਂ ਦਾ ਹੈ ਜੋੜ ਹੁੰਦਾ, ਤਿੰਨ ਸੌ ਸੱਠ ਜੀ।
ਇਸ ਗੱਲ ਨੂੰ ਰੱਖਲਿਓ, ਪੱਲੇ ਨਾਲ਼ ਬੰਨ੍ਹ ਗੱਠ ਜੀ।
ਆਇਤ ਬਾਰੇ ਆਪਾਂ, ਪੜ੍ਹਦੇ ਹਾਂ ਨਾਲ਼ ਆਦਰ ਜੀ।

ਆਹਮੋ ਸਾਹਮਣੇ ਦੀਆਂ ਭੁਜਾਵਾਂ, ਹੁੰਦੀਆਂ ਬਰਾਬਰ ਜੀ।
'ਕੱਲਾ 'ਕੱਲਾ ਕੋਣ ਹੁੰਦਾ, ਨਾਏਂ ਬਿੰਦੀ ਨੱਬੇ ਦਾ।
ਧਾਰ ਲੈਂਦਾ ਰੂਪ ਇੱਕ, ਚੌਰਸ ਜਿਹੇ ਡੱਬੇ ਦਾ।

ਹੁੰਦੀ ਹੈ ਤਿਕੋਣ, ਜੀਹਦੇ ਤਿੰਨ ਨੇ ਭੁਜਾਵਾਂ ਜੀ।
ਤਿੰਨ ਹੁੰਦੇ ਇਹਦੇ ਕੋਣ, ਤਿੰਨ ਹੁੰਦੀਆਂ ਨੇ ਬਾਹਵਾਂ ਜੀ।
ਤਿੰਨੇ ਕੋਣਾਂ ਦਾ ਹੈ ਜੋੜ ਹੁੰਦਾ, ਇੱਕ ਸੌ ਅੱਸੀ ਜੀ।
ਚੇਤੇ ਰੱਖਿਓ ਇਹ ਗੱਲ ਜਿਹੜੀ, ਅੱਜ 'ਥੋਨੂੰ ਦੱਸੀ ਜੀ।

ਕਹਿੰਦੇ ਨੇ ਚੱਕਰ ਜਿਹੜਾ, ਹੁੰਦਾ ਜਮ੍ਹਾਂ ਗੋਲ਼ ਜੀ।
'ਗੁਰਵਿੰਦਰ' ਦੇ ਕੋਲ਼, ਫੁੱਟਬਾਲ ਜਿਵੇਂ ਗੋਲ਼ ਜੀ।
ਇੱਕ ਹੁੰਦਾ ਏ ਕੇਂਦਰ, ਇੱਕ ਅਰਧ ਵਿਆਸ ਜੀ।
ਜਿਹੜੀ ਕੇਂਦਰ 'ਚੋਂ ਲੰਘੇ ਰੇਖਾ, ਹੁੰਦੀ ਐ ਵਿਆਸ ਜੀ।

-ਗੁਰਵਿੰਦਰ ਸਿੰਘ 'ਉੱਪਲ'
-ਮੋਬਾ. 98411-45000

### ਜਨਮ ਦਿਨ ਮੁਬਾਰਕ


ਗੁਰਨੂਰ ਸਿੰਘ


ਸਿਮਰਜੀਤ ਸਿੰਘ ਢਿੱਲੋਂ


ਦਰਸ਼ਪ੍ਰੀਤ ਸਿੰਘ ਬਤਰਾ


ਦੇਵ ਗੁੱਜਰ


ਗੈਵਿਸ਼ ਗੌਤਮ


ਗੁਰਸ਼ਰਨ ਸਿੰਘ


ਲਵਨੂਰ ਸਿੰਘ ਚਾਹੜ


ਪੁਨਰਜੀਤ ਕੌਰ


ਅਦਿੱਤਿਆ ਠੱਕਰ


ਹਰਜਾਪ ਸਿੰਘ


ਮਨਸੀਰਤ ਕੌਰ


ਉਦੇ ਸਿੰਘ ਚਹਲ